ਸਾਂਝੀ ਸੋਚ

SANJHI SOCH

ਰੋਜ਼ਾਨਾ ਪੰਜਾਬੀ ਅਖ਼ਬਾਰ

ਪੰਜਾਬੀਅਤ ਦੀ ਸੋਚ 'ਤੇ ਪਹਿਰਾ

VOL-13 ISSUE 2580 | 9 September, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ

ਅੰਮ੍ਰਿਤਸਰ +91 81463 20009

ਪਟਿਆਲਾ +91 79735 07533

DOWNLOAD THE APP

NOW AVAILABLE ON

24x7 LIVE STREAMING

ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ


# ਗੁਲਜ਼ਾਰ ਸਿੰਘ ਦੇ ਅੰਤਿਮ ਸੰਸਕਾਰ ਮੌਕੇ ਹੰਗਾਮਾ ਪਿੰਡ ਵਾਸੀਆਂ ਨੇ ਲੱਕੜਾਂ ਚੁੱਕ ਕੇ ਸੁੱਟ ਦਿੱਤੀਆਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸੰਗਰੂਰ ਵਿੱਚ ਵਿੱਤ ਮੰਤਰੀ ਹਰਪਾਲ ਚੀਮਾ ਤੋਂ ਨਸ਼ੇ ਦੀ ਸ਼ਰੇਆਮ ਵਿਕਰੀ ਬਾਰੇ ਸਵਾਲ ਪੁੱਛਣ ਤੋਂ ਬਾਅਦ ਖ਼ੁਦਕੁਸ਼ੀ ਕਰਨ ਵਾਲੇ ਵਿਅਕਤੀ ਦੇ ਅੰਤਿਮ ਸਸਕਾਰ ਮੌਕੇ ਹੰਗਾਮਾ ਹੋ ਗਿਆ। ਪਿੰਡ ਵਾਸੀਆਂ ਨੇ ਸ਼ਮਸ਼ਾਨਘਾਟ ਵਿੱਚ ਅੰਤਿਮ ਸਸਕਾਰ ਰੁਕਵਾ ਦਿੱਤਾ। ਉਨ੍ਹਾਂ ਨੇ ਚਿਤਾ ਲਈ ਰੱਖੀਆਂ ਲੱਕੜਾਂ ਚੁੱਕ ਕੇ ਸੁੱਟ ਦਿੱਤੀਆਂ। ਪਿੰਡ ਵਾਸੀਆਂ ਨੇ ਆਰੋਪ ਲਗਾਇਆ ਕਿ ਪ੍ਰਸ਼ਾਸਨ ਵੱਲੋਂ ਮ੍ਰਿਤਕ ਗੁਲਜ਼ਾਰ ਸਿੰਘ ਦਾ ਜ਼ਬਰਦਸਤੀ ਅੰਤਿਮ ਸਸਕਾਰ ਕਰਵਾਇਆ ਜਾ ਰਿਹਾ ਸੀ। ਪਰਿਵਾਰ ਨੂੰ ਵੀ ਆਖਰੀ ਵਾਰ ਉਸਦਾ ਚਿਹਰਾ ਤੱਕ ਨਹੀਂ ਦਿਖਾਇਆ ਗਿਆ। ਹਾਲਾਂਕਿ ਬਾਅਦ ਵਿੱਚ ਪ੍ਰਸ਼ਾਸਨ ਅਤੇ ਪਰਿਵਾਰ ਵਿਚਾਲੇ ਸਹਿਮਤੀ ਬਣ ਗਈ। ਇਸ ਤਹਿਤ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ 20 ਲੱਖ ਰੁਪਏ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਇਲਾਵਾ ਮ੍ਰਿਤਕ ਦੇ ਜੋ ਪੁੱਤਰ ਨਸ਼ਾ ਕਰਦਾ ਹੈ, ਉਸ ਦਾ ਮੁਫ਼ਤ ਇਲਾਜ ਕਰਵਾਉਣ ਦਾ ਵੀ ਭਰੋਸਾ ਦਿੱਤਾ ਗਿਆ। ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਗੁਲਜ਼ਾਰ ਸਿੰਘ ਦਾ ਇੱਕ ਵੀਡੀਓ ਸਾਹਮਣੇ ਆਇਆ ਸੀ, ਜਿਸ ਵਿੱਚ ਉਸ ਨੇ ਕਿਹਾ ਸੀ ਕਿ ਉਸਦੀ ਮੌਤ ਲਈ ਮੰਤਰੀ ਹਰਪਾਲ ਚੀਮਾ ਵੀ ਜ਼ਿੰਮੇਵਾਰ ਹਨ। ਹਾਲਾਂਕਿ ਮੰਗਲਵਾਰ ਨੂੰ ਅਅਫ ਦੇ ਰਾਸ਼ਟਰੀ ਬੁਲਾਰੇ ਅਨੁਰਾਗ ਢਾਂਡਾ ਨੇ ਕਿਹਾ ਕਿ ਘਟਨਾ ਦੇ ਦੋ ਵੀਡੀਓ ਸਾਹਮਣੇ ਆਏ ਹਨ। ਉਨ੍ਹਾਂ ਮੁਤਾਬਕ ਪਹਿਲੇ ਵੀਡੀਓ ਵਿੱਚ ਕਿਤੇ ਵੀ ਸਾਡੇ ਕਿਸੇ ਮੰਤਰੀ ਦਾ ਨਾਮ ਨਹੀਂ ਲਿਆ ਗਿਆ। ਵੀਡੀਓ ਵਿੱਚ ਇਹ ਗੱਲ ਸੁਣੀ ਜਾ ਸਕਦੀ ਹੈ। ਅਨੁਰਾਗ ਢਾਂਡਾ ਨੇ ਕਿਹਾ ਕਿ ਜਦੋਂ ਵਿਅਕਤੀ ਨੇ ਜ਼ਹਿਰ ਖਾ ਲਿਆ ਸੀ ਤਾਂ ਉਸ ਨੂੰ ਤੁਰੰਤ ਹਸਪਤਾਲ ਲਿਜਾਣਾ ਚਾਹੀਦਾ ਸੀ ਪਰ ਉਸ 'ਤੇ ਦਬਾਅ ਪਾ ਕੇ ਦੁਬਾਰਾ ਵੀਡੀਓ ਬਣਵਾਈ ਗਈ ਅਤੇ ਕਿਹਾ ਗਿਆ ਕਿ ਜਦੋਂ ਤੱਕ ਉਹ ਮੰਤਰੀ ਦਾ ਨਾਮ ਨਹੀਂ ਲਵੇਗਾ, ਉਸ ਦਾ ਇਲਾਜ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ। ਪੁਲਿਸ ਨੇ ਮਹਿਲਾ ਸਰਪੰਚ ਬਲਜਿੰਦਰ ਕੌਰ, ਉਸਦੇ ਪਤੀ ਬਲਜਿੰਦਰ ਸਿੰਘ ਸਮੇਤ ਹੋਰ ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਸ ਦੇ ਨਾਲ ਹੀ ਸਰਪੰਚ ਦੇ ਪਤੀ ਬਲਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਵੀ ਇਸ ਮਾਮਲੇ ਦਾ ਨੋਟਿਸ ਲਿਆ ਹੈ। ਕਮਿਸ਼ਨ ਦੇ ਮੈਂਬਰ ਪ੍ਰਿਆਂਕ ਕਾਨੂੰਨਗੋ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਸ ਮਾਮਲੇ ਵਿੱਚ ਕਾਂਗਰਸ ਨੇ ਵਿੱਤ ਮੰਤਰੀ ਹਰਪਾਲ ਚੀਮਾ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਉੱਥੇ ਹੀ ਭਜ਼ਫ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਚੰਡੀਗੜ੍ਹ ਵਿੱਚ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਕੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ ਹੈ। 6 ਸਤੰਬਰ ਨੂੰ ਮੰਤਰੀ ਹਰਪਾਲ ਚੀਮਾ ਤੂਰ ਬੰਜਾਰਾ ਪਿੰਡ ਵਿੱਚ ਲੋਕਾਂ ਨੂੰ ਮਿਲਣ ਲਈ ਪਹੁੰਚੇ ਸਨ। ਇਸ ਦੌਰਾਨ ਕਿਸਾਨ ਗੁਲਜ਼ਾਰ ਸਿੰਘ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਦੱਸਿਆ ਕਿ ਉਸਦਾ ਪੁੱਤਰ ਅਤੇ ਪਿੰਡ ਦੇ ਕਈ ਹੋਰ ਲੋਕ 'ਚਿੱਟੇ' ਦੇ ਨਸ਼ੇ ਦੇ ਆਦੀ ਹਨ। ਉਸ ਨੇ ਮੰਤਰੀ ਤੋਂ ਇਸ ਸਬੰਧੀ ਕਾਰਵਾਈ ਕਰਨ ਦੀ ਅਪੀਲ ਕੀਤੀ। ਪਰਿਵਾਰ ਦਾ ਆਰੋਪ ਹੈ ਕਿ ਇਸ ਤੋਂ ਬਾਅਦ ਸਰਪੰਚ ਅਤੇ ਪੰਚ ਉਨ੍ਹਾਂ ਦੇ ਘਰ ਆਏ ਅਤੇ ਗੁਲਜ਼ਾਰ ਸਿੰਘ ਨੂੰ ਧਮਕਾਇਆ ਕਿ ਉਹ ਮੰਤਰੀ ਹਰਪਾਲ ਚੀਮਾ ਤੋਂ ਮੁਆਫ਼ੀ ਮੰਗ ਲਵੇ। ਇਸ ਤੋਂ ਪਰੇਸ਼ਾਨ ਹੋ ਕੇ ਉਸ ਨੇ 7 ਸਤੰਬਰ ਨੂੰ ਜ਼ਹਿਰ ਖਾ ਲਿਆ। ਹਾਲਤ ਵਿਗੜਨ 'ਤੇ ਉਸ ਨੂੰ ਪਹਿਲਾਂ ਸੰਗਰੂਰ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੋਂ ਉਸ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਪਟਿਆਲਾ ਪਹੁੰਚਣ 'ਤੇ ਵੈਂਟੀਲੇਟਰ ਨਾ ਮਿਲਣ ਕਾਰਨ ਉਸ ਨੂੰ ਮੁੜ ਸੰਗਰੂਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਰਾਤ ਕਰੀਬ 11 ਵਜੇ ਉਸਦੀ ਮੌਤ ਹੋ ਗਈ।




Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space available for Ad
Contact # +1 (209) 303-1260
Contact # +91 81463-20009



Space availabe for Ad
Contact #
+1 (209) 303-1260



THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG
(Business Network Gateway)

We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English




POSTERS DESIGN
We design flyers, Posters and Post Cards to promote your business



BUSINESS CARD DESIGN
WE DESIGN YOUR BUSINESS CARD



SOCIAL MEDIA HANDLERS
We can manage your Business social media handlers Facebook, instagram & YouTube



24/7 TECH SUPPORT
We provide 24/7 tech support



For more information call
Boota Singh Basi +1 (209) 303-1260

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚੱਲ ਰਹੀ ਪੰਜਾਬ ਸਰਕਾਰ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁਲਾਜਮਾਂ ਨਾਲ ਲਿਆ ਆਢਾ ਮਹਿੰਗਾ ਪੈ ਸਕਦਾ ਹੈ!!

ਪੰਜਾਬ ਦਾ ਇਤਿਹਾਸ ਭਾਰਤ ਦੇ ਦੂਜੇ ਸੂਬਿਆਂ ਤੋਂ ਬਿਲਕੁਲ ਨਿਵੇਕਲੀ ਕਿਸਮ ਦਾ ਚਲਿਆ ਆ ਰਿਹਾ ਹੈ ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੇਸ਼ ਦਾ ਸਰਹੱਦੀ ਸੂਬਾ ਹੈ।ਜਿਸ ਵੀ ਧਾੜਵੀ ਨੇ ਭਾਰਤ ਤੇ ਹਮਲਾ ਕੀਤਾ ਉਸ ਨੂੰ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਲੋਹਾ ਲੈਣਾ ਪਿਆ ਹੈ । ਪੰਜਾਬ ਨੂੰ ਫਤਹਿ ਕਰਨ ਉਪਰੰਤ ਹੀ ਉਹ ਭਾਰਤ ਤੇ ਕਾਬਜ ਹੋਏ ਹਨ।ਇਹ ਪੰਜਾਬ ਦੇ ਵਾਸੀ ਹੀ ਹਨ ਜਿਨਾਂ ਨੇ ਸਕੰਦਰਾਂ ਵਰਗਿਆਂ ਕਈ ਜਰਵਾਣਿਆਂ ਦੇ ਮੂੰਹ ਮੋੜ ਕੇ ਪੰਜਾਬ ਨੂੰ ਜਿੱਤੇ ਬਿਨਾ ਆਪਣੇ ਵਤਨਾਂ ਵਿੱਚ ਵਾਪਿਸ ਮੋੜਿਆ ਹੈ। ਜੇਕਰ ਮੁਗਲ ਰਾਜ ਨਾਲ ਆਢਾ ਲਿਆ ਤਾਂ ਉਹ ਵੀ ਪੰਜਾਬੀਆਂ ਦੇ ਨਾਲ ਬਹਾਦਰ 'ਸਿੱਖ' ਸਨ ।ਜਿਨਾਂ ਨੇ ਔਰੰਗਜੇਬ ਬਾਦਸ਼ਾਹਾਂ ਤਕ ਸਾਰੇ ਜਾਲਮ ਰਾਜਿਆਂ ਨਾਲ ਲੋਹਾ ਤਾਂ ਲਿਆ ਕਈ ਸ਼ਹਾਦਤਾਂ ਤਾਂ ਦੇ ਦਿੱਤੀਆਂ ਪਰ ਉਨਾਂ ਦੀ ਈਨ ਨਹੀਂ ਮੰਨੀ ।ਜੇਕਰ ਅੰਗਰੇਜਾਂ ਤੋਂ ਦੇਸ਼ ਨੂੰ ਅਜਾਦ ਕਰਾਉਣ ਦੀ ਗੱਲ ਕਰੀਏ ਤਾਂ ਭਾਰਤ ਦੇ ਹੋਰਨਾਂ ਸੂਬਿਆਂ ਨਾਲੋਂ ਸਭ ਤੋਂ ਵੱਧ 90% ਤੋਂ ਵਧੇਰੇ ਕੁਰਬਾਨੀਆਂ ਪੰਜਾਬ ਦੇ ਲੋਕਾਂ ਨੇ ਦਿੱਤੀਆਂ।ਇਸੇ ਤਰਾਂ ਜਿਸ ਵੀ ਪੰਜਾਬ ਦੀ ਸਰਕਾਰ ਨੇ ਆਪਣੇ ਮੁਲਾਜਮਾਂ ਨਾਲ ਪੰਗਾ ਲਿਆ ,ਉਸ ਨੂੰ ਫਿਰ ਅਗਲੀ ਵਾਰ ਸਰਕਾਰ ਬਣਾਉਣ ਦਾ ਮੌਕਾ ਮੁਲਾਜਮਾਂ ਨੇ ਲੈਣ ਨਹੀਂ ਦਿੱਤਾ।ਆਮ ਆਦਮੀ ਪਾਰਟੀ ਦੀ ਉਹੋ ਸਰਕਾਰ ਹੈ ਜਿਸ ਨੇ ਜਦੋਂ ਉਹ ਸ਼ਹੀਦ ਭਗਤ ਸਿੰਘ ਦੇ ਸ਼ਹਿਰ ਖਟਕਲ ਕਲਾਂ ਵਿਖੇ ਸਹੁੰ ਚੁੱਕਣ ਉਪਰੰਤ ਚੰਡੀਗੜ੍ਹ ਦੇ ਸਿਵਲ ਸਕਤਰੇਤ ਵਿੱਚ ਗੱਦੀ ਤੇ ਬਿਰਾਜਮਾਨ ਹੋਣ ਲਈ ਆਏ ਸਨ ਤਾਂ ਇਹੋ ਹੀ ਪੰਜਾਬ ਦੇ ਮੁਲਾਜਮ ਸਨ ਜਿਨਾਂ ਨੇ ਸਿਵਲ ਸਕਤਰੇਤ ਦਿਆਂ ਬਰਾਂਡਿਆਂ ਵਿੱਚ ਆ ਕੇ ਸਾਰੇ ਫਲੋਰਾਂ ਤੋਂ ਇਸ ਨਵੇਂ ਬਣੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਦਾ ਉਤੋਂ ਫੁੱਲਾਂ ਦੀ ਵਰਖਾ ਕਰ ਕੇ ਉਨਾਂ ਦਾ ਰੱਜ ਕੇ ਸੁਆਗਤ ਕੀਤਾ ਸੀ।ਇਸ ਦਾ ਕਾਰਨ ਇਹ ਸੀ ਕਿ ਆਮ ਆਦਮੀ ਪਾਰਟੀ ਦੇ ਸੁਪੁਰੀਮੋ ਸ੍ਰੀ ਕੇਜਰੀਵਾਲ ਨੇ ਦੇਸ਼ ਦੀਆਂ ਸੱਮਸਿਆਵਾਂ ਵੀ ਆਈ ਪੀ ਕਲਚਰ ਨੂੰ ਖਤਮ ਕਰਨਾ , ਮਹਿੰਗਾਈ , ਭ੍ਰਿਸ਼ਟਾਚਾਰ , ਨਸ਼ੇ , ਮਾਈਨਿੰਗ ਆਦਿ ਗੰਭੀਰ ਮਸੱਲਿਆਂ ਦਾ ਸੁਚੱਜੇ ਢੰਗ ਨਾਲ ਜਲਦੀ ਹੱਲ ਕਰਨ ਦੀਆਂ ਅਜਿਹੇ ਢੰਗ ਨਾਲ ਗੱਲਾਂ ਕੀਤੀਆਂ ਕਿ ਲੋਕਾਂ ਨੇ ਇਨਾਂ ਤੇ ਇੰਨਾ ਵਿਸ਼ਵਾਸ਼ ਕਰ ਲਿਆ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਆਸ ਤੋਂ ਕਿਤੇ ਵਧੇਰੇ 117 ਵਿੱਚੋਂ 94 ਸੀਟਾਂ ਤੇ ਜਿੱਤਾ ਕੇ ਪੰਜਾਬ ਅਸੰਬਲੀ ਵਿੱਚ ਬੜੇ ਸ਼ਾਨੋ ਸ਼ੌਕਤ ਨਾਲ ਭੇਜਿਆ ਸੀ।ਆਮ ਆਦਮੀ ਪਾਰਟੀ ਨੇ ਪੰਜਾਬ ਦੇ ਮੁਲਾਜਮਾਂ ਨਾਲ ਕਈ ਵਾਅਦੇ ਕੀਤੇ ਕਿ ਉਨਾਂ ਦੀ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇਗੀ ,ਉਨਾਂ ਨੂੰ ਬਣਦਾ ਮਹਿੰਗਾਈ ਭੱਤਾ ਦਿੱਤਾ ਜਾਵੇਗਾ ,ਕੱਚੇ ਮੁਲਾਜਮ ਬਹਾਲ ਕੀਤੇ ਜਾਣਗੇ ,ਜੇਕਰ ਇਸ ਸਰਕਾਰ ਵਲੋਂ ਜਿਹੜੀਆਂ ਜਿਹੜੀਆਂ ਮੁਲਾਜਮਾਂ ਦੀਆਂ ਜਥੇਬੰਦੀਆਂ ਦੀਆਂ ਮੰਗਾਂ ਮੰਨੇ ਜਾਣ ਦੇ ਵਾਅਦੇ ਕੀਤੇ ਉਨਾਂ ਦੀ ਇਕ ਲੰਮੀ ਤਫਸੀਲ ਬਣ ਜਾਵੇਗੀ।ਜਦੋਂ ਪੰਜਾਬ ਦੇ ਕੁਝ ਸੂਝਵਾਨ ਲੋਕ ਇਸ ਪਾਰਟੀ ਦੇ ਆਗੂਆਂ ਉਤੇ ਸੁਆਲ ਕਰਦੇ ਸਨ ਕਿ ਕਿਵੇਂ ਇਨਾਂ ਸਭਨਾ ਦਾ ਹੱਲ ਕਰੋਗੇ ਤਾਂ ਇਸ ਦੇ ਜੁਆਬ ਵਿੱਚ ਇਸ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਇਹ ਕਹਿੰਦੇ ਰਹੇ ਕਿ ਕਈ ਹਜਾਰ ਕਰੋੜ ਰੁਪਏ ਮਾਈਨਿੰਗ ਅਤੇ ਬਹੁਤ ਵੱਡਾ ਸਰਮਾਇਆ ਉਹ ਸ਼ਰਾਬ ਅਦਾਰੇ ਵਿੱਚੋਂ ਪੈਦਾ ਕਰਨਗੇ।ਪਰ ਜਦੋਂ ਇਹ ਚਾਰ ਸਾਢੇ ਚਾਰ ਸਾਲ ਤਕ ਪੰਜਾਬ ਦੇ ਲੋਕਾਂ ਵਿਸ਼ੇਸ਼ ਕਰਕੇ ਮੁਲਾਜਮਾਂ ਨੂੰ ਲਾਰੇ ਲਗਾਉਂਦੇ ਰਹੇ ।ਮੁਲਾਜਮਾਂ ਦੇ ਮੱਸਲੇ ਹੱਲ ਕਰਨ ਦੀ ਬਜਾਏ ਉੱਝ ਦੇ ਉੱਝ ਕਾਇਮ ਰਹੇ ਤੇ ਟਾਲਾ ਵੱਟੀ ਰਖਿਆ ।ਜਦੋਂ ਸਰਕਾਰ ਨੇ ਉਨਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਮੁਲਾਜਮਾਂ ਨੂੰ ਮਜਬੂਰ ਹੋ ਕੇ ਸੰਘਰਸ਼ ਦਾ ਰਾਹ ਅਪਣਾ ਕੇ ਹੜਤਾਲ ਕਰਨੀ ਪਈ ।ਸਰਕਾਰ ਨੇ ਫਿਰ ਵੀ ਮੁਲਾਜਮਾਂ ਨਾਲ ਗੱਲ ਬਾਤ ਦਾ ਰਾਹ ਅਖਤਿਆਰ ਕਰਨ ਦੀ ਬਜਾਏ ਉਸੇ ਤਰਾਂ ਦੀ ਕਠੋਰ ਨੀਤੀ ਅਪਣਾ ਲਈ ਜਿਸ ਤਰਾਂ ਦੂਸਰੀਆਂ ਰਾਜਨੀਤਕ ਪਾਰਟੀਆਂ ਦੀਆਂ ਸਰਕਾਰਾਂ ਜਿਹੜੀਆਂ ਪੰਜਾਬ ਵਿੱਚ ਰਾਜ ਕਰ ਕੇ ਗਈਆਂ ਸਨ ਮੁਲਾਜਮਾਂ ਨਾਲ ਅਪਣਾਉਂਦੀਆਂ ਰਹੀਆਂ ਸਨ।ਅੱਜ ਕਲ ਪੰਜਾਬ ਸਰਕਾਰ ਤੇ ਮੁਲਾਜਮਾਂ ਵਿੱਚ ਪੂਰੀ ਤਰਾਂ ਠਣੀ ਹੋਈ ਹੈ।ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਵੀ ਸਰਕਾਰ ਨੇ ਮੁਲਾਜਮਾਂ ਨਾਲ ਟੱਕਰ ਲਈ ਹੈ ਉਨਾਂ ਦਾ ਅੰਤ ਹਸ਼ਰ ਮਾੜਾ ਹੀ ਹੋਇਆ ਹੈ।ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਝੱਲਕ ਮਾਰੀਏ ਤਾਂ ਸਾਫ ਸਪਸ਼ਟ ਪਤਾ ਲਗਦਾ ਹੈ ਕਿ ਪੰਜਾਬ ਤੇ ਰਾਜ ਸ੍ਰ ਭਗਵੰਤ ਸਿੰਘ ਮਾਨ ਨਹੀਂ ਚਲਾ ਰਹੇ ਬਲਕਿ ਇਸ ਦੀ ਚਾਬਕ ਤਾਂ ਪਾਰਟੀ ਸੁਪਰੀਮੋ ਸ੍ਰੀ ਕੇਜਰੀ ਵਾਲ ਕੋਲ ਹੈ।ਪੰਜਾਬ ਦਾ ਬੱਚਾ ਬੱਚਾ ਇਸ ਗੱਲ ਨੂੰ ਜਾਣਦਾ ਹੈ।ਜੇ ਆਮ ਆਦਮੀ ਪਾਰਟੀ ਦੇਸ਼ ਵਿੱਚ ਕਿਸੇ ਪ੍ਰਾਂਤ ਵਿੱਚ ਚੋਣਾਂ ਲੜੇ ਤਾਂ ਹੈਲੀਕੈਪਟਰ ਪੰਜਾਬ ਦਾ ਤੇ ਹੋਰ ਖਰਚੇ ਵੀ ਪੰਜਾਬ ਦੇ ।ਪੰਜਾਬ ਵਿੱਚ ਸਰਕਾਰ ਵਲੋਂ ਕੀਤੇ ਕੰਮਾਂ ਦੇ ਜਿਹੜੇ ਇਸ਼ਤਿਹਾਰ ਸਿਰਫ ਪੰਜਾਬ ਵਿੱਚ ਹੀ ਲਗਣੇ ਚਾਹੀਦੇ ਸਨ ਉਹ ਦੇਸ਼ ਭਰ ਦੀਆਂ ਅਖਬਾਰਾਂ ਵਿੱਚ ਬਿਨ ਮਤਲਬ ਦੇ ਕੇ ਪੰਜਾਬ ਦੇ ਧੰਨ ਨੂੰ ਉਜਾੜਿਆ ਗਿਆ ।ਵੀ ਆਈ ਪੀ ਕਲਚਰ ਨੂੰ ਖਤਮ ਕਰਨ ਦਾ ਰੌਲਾ ਪਾਉਣ ਵਾਲੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਤੇ ਉਸ ਲੀਡਰਾਂ ਨੇ ਉਸ ਨੂੰ ਖਤਮ ਤਾਂ ਕੀ ਕਰਨਾ ਸੀ ਬਲਕਿ ਉਸ ਤੋਂ ਕਿਤੇ ਵੱਧ ਵੀ. ਵੀ. ਆਈ .ਪੀ .ਕਲਚਰ ਵਿੱਚ ਤਬਦੀਲ ਕਰਕੇ ਪੰਜਾਬ ਦੇ ਧੰਨ ਨੂੰ ਲੁਟਾਇਆ ਗਿਆ। ਪੰਜਾਬ ਦੇ ਨੌਜੁਆਨ ਵਿਹਲੇ ਫਿਰ ਰਹੇ ਹਨ ਸਾਰੀਆਂ ਮਹਤੱਵ ਪੂਰਨ ਪੋਸਟਾਂ ਵਿਸ਼ੇਸ਼ ਕਰਕੇ ਪੰਜਾਬ ਪ੍ਰੈਸ ਵਿੱਚ ਭਾਰੀ ਤਨਖਾਹਾਂ ਦੇ ਕੇ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਫੌਜ ਨੂੰ ਭਰਤੀ ਕੀਤਾ ਗਿਆ।

ਇਹ ਹੀ ਨਹੀਂ ਬਲਕਿ ਪੰਜਾਬ ਦੀਆਂ ਹੋਰ ਨੌਕਰੀਆਂ ਤੇ ਵੀ ਪੰਜਾਬ ਦੇ ਨੌਜੁਆਨਾਂ ਨੂੰ ਲਗਾਉਣ ਦੀ ਬਜਾਏ ਦਿੱਲੀ ,ਹਰਿਆਣਾ, ਹਿਮਾਚਲ , ਰਾਜਿਸਥਾਨ ਦੇ ਨੌਜੁਆਨਾਂ ਨੂੰ ਹੀ ਲਗਾਇਆ ਗਿਆ।ਇਹ ਹੀ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਵੱਡੀਆ ਵੱਡੀਆਂ ਟਾਹਰਾਂ ਮਾਰਨੋ ਨਹੀਂ ਸਨ ਹਟਦੇ ਕਿ ਪੰਜਾਬ ਵਿੱਚ ਇੰਨੀ ਨੌਕਰੀਆਂ ਹੋ ਜਾਣਗੀਆਂ "ਕਿ ਅੰਗਰੇਜ ਤੇ ਅੰਗਰੇਜਣੀਆਂ" ਪੰਜਾਬ ਵਿੱਚ ਨੌਕਰੀ ਕਰਨ ਲਈ ਆਉਣਗੀਆਂ।ਪੰਜਾਬ ਦੇ ਨੌਜੁਆਨਾਂ ਨੂੰ ਰੁਜਗਾਰ ਲਈ ਵਿਦੇਸ਼ਾਂ ਵਿੱਚ ਨਹੀਂ ਜਾਣਾ ਪਵੇਗਾ ।ਪਰ ਕੀਤਾ ਕੀ ਇਸ ਤੋਂ ਉਲਟ ਧੜਾ ਧੜ ਆਈਲੈਟਸ ਦੇ ਸੈਂਟਰ ਪੰਜਾਬ ਵਿੱਚ ਖੋਲ੍ਹੇ ਗਏ ਤਾਂ ਕਿ ਲੱਖਾਂ ਰੁਪਏ ਖਰਚ ਕੇ ਆਪਣੀਆਂ ਜਮੀਨਾਂ ਜਾਇਦਾਦਾਂ ਵੇਚ ਕੇ ਜਾ ਫਿਰ ਗਿਰਵੀ ਰੱਖ ਕੇ ਪੰਜਾਬ ਦੇ ਨੌਜੁਆਨ ਪਹਿਲਾਂ ਤੋਂ ਵੀ ਵਧੇਰੇ ਵਿਦੇਸ਼ਾਂ ਵਿੱਚ ਜਾਣ ਦਾ ਹੀ ਰਾਹ ਮੋਕਲਾ ਕੀਤਾ।ਹੁਣ ਤਾਂ ਇਹ ਆਖਿਆ ਜਾਣ ਲੱਗ ਪਿਆ ਹੈ ਕਿ ਗੱਦੀ ਨੂੰ ਹਥਿਆਉਣ ਲਈ ਆਮ ਆਦਮੀ ਪਾਰਟੀ ਨੇ ਹੋਰਨਾਂ ਰਵਾਇਤੀ ਪਾਰਟੀਆਂ ਤੋਂ ਵੀ ਕਿਤੇ ਵਧੇਰੇ ਹੋ ਕੇ ਉਹੋ ਕੁਝ ਕੀਤਾ ਹੈ।ਜੇ ਇਹ ਆਖ ਲਿਆ ਜਾਵੇ ਕਿ ਪੰਜਾਬ ਦੀ ਬੇਹਤਰੀ ਲਈ ਕੁਝ ਕਰਨ ਦੀ ਬਜਾਏ ਇਨਾਂ ਨੇ ਦਿੱਲੀ ਵਾਲਿਆਂ ਦੀ ਹੀ ਬੇਹਤਰੀ ਕਰਕੇ ਪੰਜਾਬ ਨੂੰ ਵਾਲ ਵਾਲ ਕਰਜਾਈ ਹੀ ਕੀਤਾ ਹੈ ਤਾਂ ਉਹ ਗਲਤ ਨਹੀਂ ਹੋਵੇਗਾ। ਆਖਰ ਕਸੂਰ ਕਿਸ ਦਾ ਹੈ ? ਉਹ ਵੀ ਪੰਜਾਬ ਦੇ ਮੁੱਖ ਮੰਤਰੀ ਤੇ ਉਸ ਦੇ ਮੰਤਰੀ ਮੰਡਲ ਦਾ ਹੀ ਕਿਹਾ ਜਾ ਸਕਦਾ ਹੈ।ਸ੍ਰ ਭਗਵੰਤ ਸਿੰਘ ਮਾਨ ਨੂੰ ਪੰਜਾਬ ਦਾ ਮੁੱਖ ਮੰਤਰੀ ,ਪੰਜਾਬ ਦੇ ਲੋਕਾਂ ਨੇ ਬਣਾਇਆ ਨਾ ਕਿ ਦਿੱਲੀ ਵਾਲਿਆਂ ਨੇ! ਇਸ ਵਿੱਚ ਸਾਰਾ ਕਸੂਰ ਮੁੱਖ ਤੌਰਤੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦਾ ਹੀ ਕਿਹਾ ਜਾ ਸਕਦਾ ਹੈ।ਜਿਸ ਨੇ ਸ਼ੁਰੂ ਵਿੱਚ ਪੰਜਾਬ ਦੇ ਹੱਕ ਵਿੱਚ ਚੁੱਪੀ ਸਾਧੀ ਰੱਖੀ । ਜਦੋਂ ਸ੍ਰੀ ਕੇਜਰੀਵਾਲ ਨੇ ਪੰਜਾਬ ਦੇ ਰਾਜ ਸਭਾ ਤੇ ਲੋਕ ਸਭਾ ਦੇ ਮੈਂਬਰ ਆਪਣੇ ਜੀ ਹਜੂਰੀਏ ਇਧਰ ਉਧਰ ਦੇ ਬਣਾਉਣੇ ਸ਼ੁਰੂ ਕੀਤੇ ਸਨ ਤਾਂ ਇਹ ਸਾਰੇ ਚੁੱਪ ਗੜੁੱਪ ਕਿਉਂ ਰਹੇ ! ਉਨਾਂ ਵਿੱਚੋਂ ਕੋਈ ਇਕ ਵੀ ਹੈ ਜਿਹੜਾ ਪੰਜਾਬ ਦੇ ਹੱਕਾਂ ਲਈ ਅਵਾਜ ਉਠਾਈ ਹੋਵੇ! ਇਨਾਂ ਦੀ ਚੁੱਪ ਨੇ ਹੀ ਦਿੱਲੀ ਵਾਲਿਆ ਦੇ ਮੂੰਹ ਖੋਹਲੇ ਹਨ ।ਜੇਕਰ ਉਸ ਵੇਲੇ ਇਹ ਸਾਰੇ ਇਸ ਵਿਰੁੱਧ ਅਵਾਜ ਬੁਲੰਦ ਕਰਦੇ ਤਾਂ ਦਿੱਲੀ ਫਿਰ ਦਿੱਲੀ ਵਾਲਿਆ ਦੀ ਕੀ ਜੁਅੱਰਤ ਸੀ ਕਿ ਅੱਗੋਂ ਉਨਾਂ ਦੇ ਹੋਰ ਮੂੰਹ ਖੁੱਲਦੇ।ਅੱਜ ਲਗ ਭਗ ਸਾਰੇ ਦੇ ਸਾਰੇ ਚਾਹੇ ਰਾਜ ਸਭਾ ਦੇ ਮੈਂਬਰ ਹਨ ਜਾਂ ਫਿਰ ਲੋਕ ਸਭਾ ਦੇ।ਉਹ ਸਭ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ।ਪੰਜਾਬ ਇਕ ਤਰਾਂ ਦਾ ਲਾਵਾਰਸ ਬਣਾ ਕੇ ਰੱਖ ਦਿੱਤਾ ਹੈ। ਇਸ ਪਾਰਟੀ ਵਲੋਂ ਲਗਾਤਾਰ ਕੀਤੀਆ ਜਾ ਰਹੀਆਂ ਗਲਤੀਆਂ ਦਾ ਇਕ ਲੰਮਾ ਚਿੱਠਾ ਹੈ ।ਉਸ ਨੂੰ ਦਰ ਕਿਨਾਰ ਕਰਦਾ ਹੋਇਆ ਮੈਂ ਆਪਣੀ ਮੁੱਖ ਗੱਲ ਮੁਲਾਜਮਾਂ ਦੇ ਡੀ. ਏ. ਦੇ ਮੱਸਲੇ ਵੱਲ ਆਉਂਦਾ ਹਾਂ।ਪੰਜਾਬ ਦੇ ਮੁਲਾਜਮਾਂ ਦੇ ਮਹਿੰਗਾਈ ਭੱਤੇ ਦਾ ਬਕਾਇਆ 2016 ਤੋਂ ਦੇਣ ਵਾਲਾ ਪਿਆ ਹੈ।ਇਸ ਤੋਂ ਬਿਨਾ ਕੇਂਦਰ ਤੇ ਪੰਜਾਬ ਦੇ ਮੁਲਾਜਮਾਂ ਵਿੱਚਕਾਰ 16% ਮਹਿੰਗਾਈ ਭੱਤੇ ਦਾ ਫਰਕ ਵੀ ਚਲਿਆ ਆ ਰਿਹਾ ਹੈ ਜਦੋਂ ਕਿ ਕੇਂਦਰ ਦੇ ਮਹਿੰਗਾਈ ਭੱਤੇ ਦੇ ਬਰਾਬਰ ਦੇ ਲਾਭ ਪੰਜਾਬ ਦੇ ਸਾਰੇ ਆਈ.ਏ.ਐਸ ,ਆਈ .ਪੀ. ਐਸ.,ਅਤੇ ਜੁਡੀਸ਼ਰੀ ਵਾਲੇ ਲੈ ਰਹੇ ਹਨ ਤਾਂ ਫਿਰ ਪੰਜਾਬ ਦੇ ਦੂਜੇ ਮੁਲਾਜਮਾਂ ਨਾਲ ਇਹ ਧੱਕਾ ਤੇ ਬੇਇਨਸਾਫੀ ਕਿਉਂ? ਮੁਲਾਜਮਾਂ ਨੇ ਬੜੀਆਂ ਬੇਨਤੀਆਂ ਇਸ ਸਰਕਾਰ ਕੋਲ ਕੀਤੀਆਂ ਕਿ ਇਸ ਬੇਇਨਸਾਫੀ ਨੂੰ ਦੂਰ ਕੀਤਾ ਜਾਵੇ।ਜਦੋਂ ਸਰਕਾਰ ਨੇ ਮੁਲਾਜਮ ਜਥੇਬੰਦੀਆਂ ਦੀ ਇਕ ਨਾਂ ਸੁਣੀ ਤਾਂ ਉਨਾਂ ਨੂੰ ਮਜਬੂਰ ਹੋ ਕੇ ਪੰਜਾਬ ਹਰਿਆਣਾ ਹਾਈ ਕੋਰਟ ਦਾ ਦਰਵਾਜਾ ਖੜਕਾਇਆ । ਹਾਈ ਕੋਰਟ ਨੇ ਸਰਕਾਰ ਨੂੰ ਆਦੇਸ਼ ਦਿੱਤੇ ਕਿ ਮੁਲਾਜਮਾਂ ਦਾ ਮਹਿੰਗਾਈ ਭੱਤਾ ਨਿਸਚਿਤ ਸਮੇਂ 15 ਅਗਸਤ 2026 ਤਕ ਅਦਾ ਕੀਤਾ ਜਾਵੇ , ਅਦਾ ਨਾ ਕਰਨ ਤੇ 6% ਸਧਾਰਣ ਵਿਆਜ ਨਾਲ ਮੁਲਾਜਮਾਂ ਨੂੰ ਅਦਾ ਕੀਤਾ ਜਾਵੇ।ਪਰ ਸਰਕਾਰ ਨੇ ਹੁਣ ਤਕ ਇਸ ਹੁਕਮ ਨੂੰ ਲਾਗੂ ਨਹੀਂ ਕੀਤਾ ਉਸ ਨੇ ਮੁਲਾਜਮ ਜਥੇਬੰਦੀਆਂ ਨਾਲ ਬੈਠ ਕੇ ਕੋਈ ਹੱਲ ਕੱਢਣ ਦੀ ਬਜਾਏ ਜਬਰ ਦੀ ਨੀਤੀ ਅਖਤਿਆਰ ਕਰ ਲਈ ਹੈ ਜਿਨਾਂ ਮੁਲਾਜਮਾਂ ਨੇ ਬੀਤੇ ਸਮੇਂ ਇਕ ਦਿਨ ਦੀ ਹੜਤਾਲ ਕੀਤੀ ਸੀ ਉਨਾਂ ਨੂੰ ਤੰਗ ਤੇ ਪਰੇਸ਼ਾਨ ਕਰਨ ਲਈ ਉਨਾਂ ਤੇ ਸਖਤ ਕਾਰਵਾਈਆਂ ਅਰੰਭ ਦਿੱਤੀਆਂ ਹਨ ।ਸਰਕਾਰ ਨੇ ਇਸ ਵੇਲੇ ਮੁਲਾਜਮਾਂ ਨਾਲ ਟਕਰਾ ਦੀ ਨੀਤੀ ਅਪਣਾਅ ਲਈ ਹੈ।ਉਸ ਨੇ ਸਿਆਣਪ ਵਰਤਣ ਦੀ ਥਾਂ ਤੇ ਦੂਜੀਆ ਸਰਕਾਰਾਂ ਵਾਂਗ ਦਬਾਅ ਦੀ ਨੀਤੀ ਅਪਣਾਇਆ ਹੋਇਆ ਹੈ।ਉਹ ਮਿਲ ਕੇ ਬੈਠ ਕੇ ਕੋਈ ਸੁਚੱਜਾ ਹੱਲ ਕੱਢਣ ਦੀ ਬਜਾਏ ਆਪਣੀ ਹੱਠੀ ਨੀਤੀ ਅਪਣਾਅ ਕੇ ਸੁਪਰੀਮ ਕੋਰਟ ਵਿੱਚ ਜਾ ਰਹੀ ਹੈ।ਅਸਾਰ ਇਸ ਤਰਾਂ ਦੇ ਲਗ ਰਹੇ ਹਨ ਕਿ ਸਰਬ ਉਚ ਅਦਾਲਤ ਵਿੱਚ ਵੀ ਸਰਕਾਰ ਦੇ ਹੱਥ ਪੱਲੇ ਕੁਝ ਨਹੀਂ ਪੈਣ ਵਾਲਾ ਉਸ ਨੂੰ ਉਥੇ ਵੀ ਮੂੰਹ ਦੀ ਖਾਣੀ ਪਵੇਗੀ।ਇਹ ਠੀਕ ਹੈ ਕਿ ਮਹਿੰਗਾਈ ਭੱਤਾ ਨਾ ਦੇਣ ਵਿੱਚ ਅਕਾਲੀ ਭਾਜਪਾ ਸਰਕਾਰ , ਕਾਂਗਰਸ ਪਾਰਟੀ ਦੀ ਸਰਕਾਰ ਵੀ ਜਿੰਮਵਾਰ ਰਹੀਆਂ ਹਨ ਜਿਨਾਂ ਨੇ ਆਪਣੇ ਸਮੇਂ ਦੌਰਾਨ ਮੁਲਾਜਮਾਂ ਨੂੰ ਮਹਿੰਗਾਈ ਭੱਤੇ ਦਾ ਭੁਗਤਾਣ ਨਹੀਂ ਕੀਤਾ। ਕਸੂਰ ਤਾਂ ਸਰਕਾਰਾਂ ਦਾ ਹੈ ਮੁਲਾਜਮ ਕਿਉਂ ਭੁਗਤਣ !ਉਹ ਤਾਂ ਸਮੇਂ ਸਮੇਂ ਸਾਰੀਆਂ ਸਰਕਾਰ ਅੱਗੇ ਅਵਾਜ ਬੁਲੰਦ ਕਰਦੇ ਰਹੇ ਹਨ। ਹਾਲੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੱਠ ਛੱਡ ਕੇ ਸਿਆਣਪ ਵਰਤ ਕੇ ਮੁਲਾਜਮਾਂ ਨਾਲ ਆਢਾ ਲਗਾਉਣ ਦੀ ਥਾਂ ਤੇ ਮਹਿੰਗਾਈ ਭੱਤਾ ਕਿਸ਼ਤਾਂ ਵਿੱਚ ਦੇਣ ਦੀ ਅਦਾਇਗੀ ਕਰਨ ਲਈ ਆਪਸ ਵਿੱਚ ਮਿਲ ਬੈਠ ਕੇ ਕੋਈ ਨਾ ਕੋਈ ਰਾਹ ਸਰਬ ਪ੍ਰਵਾਨਿਤ ਹੱਲ ਕੱਢਣਾ ਚਾਹੀਦਾ ਹੈ ।ਮੁਲਾਜਮ ਜਥੇਬੰਦੀਆਂ ਦੇ ਆਗੂ ਸੂਝਵਾਨ ਹਨ ਤੇ ਉਹ ਪੰਜਾਬ ਵਿਰੋਧੀ ਨਹੀਂ ਹਨ ।ਆਸ ਹੈ ਪੰਜਾਬ ਦੇ ਹਿਤੈਸ਼ੀ ਮੁਲਾਜਮਾਂ ਤੇ ਸਰਕਾਰ ਵਿੱਚ ਹੋਰ ਪਾੜ੍ਹਾ ਨਹੀਂ ਪੈਣ ਦੇਣਗੇ ਉਹ ਇਸ ਦਾ ਹੱਲ ਜਰੂਰ ਕੱਢਣਗੇ ਇਸ ਵਿੱਚ ਹੀ ਦੋਹਾਂ ਦੀ ਭਲਾਈ ਹੈ।

ਜੰਗ ਸਿੰਘ ਮਰਸੰਡ (ਅਮਰੀਕਾ)
+1 415 603 7380



Information in Public Interest

ਡਾ. ਗੁਰਦੀਪ ਸਿੰਘ ਵੱਲੋ ਪ੍ਰਸਾਰਿਤ ਸਿਹਤ ਵਿਗਿਆਨ (HEALTH EDUCATION) ਦੀ ਲੜੀਵਾਰ ਲੈਕਚਰ ਸੀਰੀਜ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸ਼ਾਮ 5 ਤੋ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁਕ ਉਪਰ ਸ਼ਾਮ 3.35 ਤੋਂ 3.55 ਪੰਜਾਬੀ ਵਿੱਚ ਅਤੇ 4.35 ਤੋਂ 4.55 ਹਿੰਦੀ ਵਿੱਚ ਅਤੇ ਸਾਂਝੀ ਸੋਚ ਟੀਵੀ ਉਪਰ ਸੋਮਵਾਰ, ਬੁਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr. Guridp S Sandhu: (408) 687 1899, (925) 587 1148

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਟਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
INVOICE
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# ਕੈਨੇਡੀਅਨ ਨਾਗਰਿਕਾਂ ਦੀਆਂ ਅਮਰੀਕਾ ਯਾਤਰਾਵਾਂ 'ਚ ਆਈ ਕਮੀ ਅਮਰੀਕੀ ਸੈਰ-ਸਪਾਟਾ ਉਦਯੋਗ ਨੂੰ ਵੱਡਾ ਝਟਕਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਅਤੇ ਕੈਨੇਡਾ ਵਿਚਾਲੇ ਵਧੇ ਵਪਾਰਕ ਤਣਾਅ ਦਾ ਅਸਰ ਹੁਣ ਸਿੱਧਾ ਅਮਰੀਕੀ ਸੈਰ-ਸਪਾਟਾ ਉਦਯੋਗ ਉੱਤੇ ਵੀ ਦਿਖਾਈ ਦੇ ਰਿਹਾ ਹੈ। ਐਸੋਸੀਏਟਿਡ ਪ੍ਰੈੱਸ ਦੀ 6 ਸਤੰਬਰ 2026 ਦੀ ਰਿਪੋਰਟ ਮੁਤਾਬਕ, 2025 ਦੌਰਾਨ ਕੈਨੇਡੀਅਨ ਨਾਗਰਿਕਾਂ ਦੀਆਂ ਅਮਰੀਕਾ ਯਾਤਰਾਵਾਂ ਵਿਚ ਲਗਭਗ 25 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ। ਇਸਦੇ ਨਾਲ ਹੀ ਕੈਨੇਡੀਅਨ ਸੈਲਾਨੀਆਂ ਵੱਲੋਂ ਅਮਰੀਕਾ ਵਿਚ ਕੀਤਾ ਜਾਣ ਵਾਲਾ ਖ਼ਰਚ ਵੀ ਤਕਰੀਬਨ 2.4 ਅਰਬ ਡਾਲਰ ਘਟ ਗਿਆ।

ਇਹ ਗਿਰਾਵਟ ਉਸ ਸਮੇਂ ਆਈ, ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰਕ ਨੀਤੀਆਂ, ਟੈਰਿਫ਼ਾਂ ਅਤੇ ਅਮਰੀਕਾ-ਕੈਨੇਡਾ ਵਿਚਾਲੇ ਰਾਜਨੀਤਿਕ ਤਣਾਅ ਕਾਰਨ ਦੋਵੇਂ ਦੇਸ਼ਾਂ ਦੇ ਲੋਕਾਂ ਵਿਚਾਲੇ ਮਾਹੌਲ ਪ੍ਰਭਾਵਿਤ ਹੋਇਆ।

ਕੈਨੇਡੀਅਨ ਸੈਲਾਨੀ ਲੰਮੇ ਸਮੇਂ ਤੋਂ ਅਮਰੀਕਾ ਦੇ ਸਰਹੱਦੀ ਰਾਜਾਂ, ਨਿਊਯਾਰਕ, ਫ਼ਲੋਰੀਡਾ, ਲਾਸ ਵੇਗਸ ਅਤੇ ਹੋਰ ਵੱਡੇ ਸੈਰ-ਸਪਾਟਾ ਕੇਂਦਰਾਂ ਲਈ ਮਹੱਤਵਪੂਰਨ ਗਾਹਕ ਰਹੇ ਹਨ। ਰਿਪੋਰਟ ਮੁਤਾਬਕ ਹੁਣ ਕਈ ਅਮਰੀਕੀ ਸ਼ਹਿਰ ਕੈਨੇਡੀਅਨ ਯਾਤਰੀਆਂ ਨੂੰ ਮੁੜ ਖਿੱਚਣ ਲਈ



ਨਵੀਆਂ ਮਾਰਕੀਟਿੰਗ ਯੋਜਨਾਵਾਂ ਬਣਾ ਰਹੇ ਹਨ। ਕਈ ਹੋਟਲ, ਰੈਸਟੋਰੈਂਟ ਅਤੇ ਟੂਰਿਜ਼ਮ ਕਾਰੋਬਾਰ ਕੈਨੇਡੀਅਨ ਡਾਲਰ ਲਈ ਖ਼ਾਸ ਐਕਸਚੇਂਜ ਦਰਾਂ, ਛੋਟਾਂ ਅਤੇ ਪੈਕੇਜ ਪੇਸ਼ ਕਰ ਰਹੇ ਹਨ। ਨਿਊਯਾਰਕ, ਲਾਸ ਵੇਗਸ ਅਤੇ ਸਰਹੱਦੀ ਇਲਾਕਿਆਂ ਦੇ ਕਈ ਕਾਰੋਬਾਰਾਂ ਨੂੰ ਉਮੀਦ ਹੈ ਕਿ ਕੀਮਤੀ ਛੂਟ ਦੇ ਕੇ ਕੈਨੇਡੀਅਨ ਯਾਤਰੀਆਂ ਨੂੰ ਵਾਪਸ ਲਿਆਂਦਾ ਜਾ ਸਕੇਗਾ।

ਕੈਨੇਡੀਅਨ ਸੈਲਾਨੀਆਂ ਦੀ ਕਮੀ ਦਾ ਅਸਰ ਸਿਰਫ਼ ਹੋਟਲਾਂ ਉੱਤੇ ਹੀ ਨਹੀਂ, ਸਗੋਂ ਰੈਸਟੋਰੈਂਟਾਂ, ਖਰੀਦਦਾਰੀ ਕੇਂਦਰਾਂ, ਕੈਸੀਨੋਆਂ, ਆਵਾਜਾਈ ਅਤੇ ਹੋਰ ਸਥਾਨਕ ਕਾਰੋਬਾਰਾਂ ਉੱਤੇ ਵੀ ਪੈਂਦਾ ਹੈ। ਖ਼ਾਸ ਕਰਕੇ ਸਰਹੱਦ ਨੇੜਲੇ ਸ਼ਹਿਰਾਂ ਵਿਚ ਕੈਨੇਡੀਅਨ ਗਾਹਕ ਸਥਾਨਕ ਆਰਥਿਕਤਾ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇੱਥੇ ਇਹ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ 25 ਫ਼ੀਸਦੀ ਦੀ ਕਮੀ ਅਤੇ 2.4 ਅਰਬ ਡਾਲਰ ਘੱਟ ਖ਼ਰਚ ਦਰਜ ਹੋਏ ਅੰਕੜੇ ਹਨ, ਪਰ ਕੈਨੇਡੀਅਨ ਸੈਲਾਨੀ ਕਿੰਨੀ ਤੇਜ਼ੀ ਨਾਲ ਵਾਪਸ ਆਉਣਗੇ, ਇਸ ਬਾਰੇ ਅਜੇ ਕੋਈ ਪੱਕਾ ਅਨੁਮਾਨ ਨਹੀਂ ਹੈ। ਅਮਰੀਕਾ-ਕੈਨੇਡਾ ਸਬੰਧਾਂ ਵਿਚ ਸੁਧਾਰ ਅਤੇ ਵਪਾਰਕ ਤਣਾਅ ਵਿਚ ਕਮੀ ਆਉਂਦੀ ਹੈ ਜਾਂ ਨਹੀਂ, ਇਹ ਅਮਰੀਕੀ ਟੂਰਿਜ਼ਮ ਉਦਯੋਗ ਲਈ ਅਗਲਾ ਵੱਡਾ ਕਾਰਕ ਹੋਵੇਗਾ।

# ਅਮਰੀਕਾ 'ਚ ਕਾਨੂੰਨੀ ਇਮੀਗ੍ਰੇਸ਼ਨ ਉੱਤੇ ਵੀ ਸਖ਼ਤੀ ਵਧੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਵਿਚ ਸਖ਼ਤੀ ਹੁਣ ਸਿਰਫ਼ ਗੈਰਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲਿਆਂ ਤੱਕ ਸੀਮਤ ਨਹੀਂ ਰਹੀ। ਤਾਜ਼ਾ ਰਿਪੋਰਟਾਂ ਮੁਤਾਬਕ ਟਰੰਪ ਪ੍ਰਸ਼ਾਸਨ ਵੱਲੋਂ ਕਾਨੂੰਨੀ ਵੀਜ਼ਿਆਂ, ਅਸਾਇਲਮ, ਵਿਦਿਆਰਥੀ ਦਰਜੇ, ਵਰਕ ਵੀਜ਼ਿਆਂ ਅਤੇ ਹੋਰ ਕਾਨੂੰਨੀ ਇਮੀਗ੍ਰੇਸ਼ਨ ਰਾਹਾਂ ਰਾਹੀਂ ਅਮਰੀਕਾ ਆਉਣ ਵਾਲੇ ਲੋਕਾਂ ਦੀ ਜਾਂਚ ਵੀ ਪਹਿਲਾਂ ਨਾਲੋਂ ਵਧੇਰੇ ਸਖ਼ਤ ਕੀਤੀ ਜਾ ਰਹੀ ਹੈ। ਇਸਦਾ ਅਸਰ ਉਨ੍ਹਾਂ ਲੋਕਾਂ ਉੱਤੇ ਵੀ ਪੈ ਸਕਦਾ ਹੈ, ਜੋ ਪੂਰੀ ਤਰ੍ਹਾਂ ਕਾਨੂੰਨੀ ਦਸਤਾਵੇਜ਼ਾਂ ਨਾਲ ਅਮਰੀਕਾ ਵਿਚ ਦਾਖ਼ਲ ਹੋ ਰਹੇ ਹਨ ਜਾਂ ਅਮਰੀਕਾ ਅੰਦਰ ਆਪਣਾ ਇਮੀਗ੍ਰੇਸ਼ਨ ਦਰਜਾ ਬਦਲਣ ਲਈ ਅਰਜ਼ੀਆਂ ਦੇ ਰਹੇ ਹਨ। ਵੀਜ਼ਾ ਜਾਂ ਇਮੀਗ੍ਰੇਸ਼ਨ ਅਰਜ਼ੀਆਂ ਦੀ ਜਾਂਚ ਦੌਰਾਨ ਹੁਣ ਪਿਛਲਾ ਇਮੀਗ੍ਰੇਸ਼ਨ ਰਿਕਾਰਡ, ਯਾਤਰਾ ਇਤਿਹਾਸ, ਪੁਰਾਣੀਆਂ ਅਰਜ਼ੀਆਂ, ਸੋਸ਼ਲ ਮੀਡੀਆ ਸਰਗਰਮੀ ਅਤੇ ਹੋਰ ਪਿਛੋਕੜ ਜਾਣਕਾਰੀ ਨੂੰ ਵਧੇਰੇ ਗਹਿਰਾਈ ਨਾਲ ਦੇਖਿਆ ਜਾ ਸਕਦਾ ਹੈ।

ਜੇ ਕਿਸੇ ਅਰਜ਼ੀ ਵਿਚ ਦਿੱਤੀ




ਜਾਣਕਾਰੀ ਪੁਰਾਣੇ ਰਿਕਾਰਡ ਨਾਲ ਨਹੀਂ ਮਿਲਦੀ, ਕੋਈ ਮਹੱਤਵਪੂਰਨ ਜਾਣਕਾਰੀ ਛੱਡੀ ਗਈ ਹੋਵੇ ਜਾਂ ਪਿਛਲੇ ਸਮੇਂ ਵਿਚ ਵੀਜ਼ਾ ਸ਼ਰਤਾਂ ਦੀ ਉਲੰਘਣਾ ਹੋਈ ਹੋਵੇ, ਤਾਂ ਕੇਸ ਦੀ ਜਾਂਚ ਹੋਰ ਲੰਮੀ ਹੋ ਸਕਦੀ ਹੈ। ਗ੍ਰੀਨ ਕਾਰਡ ਹੋਲਡਰਾਂ ਲਈ ਵੀ ਵਿਦੇਸ਼ ਯਾਤਰਾ ਤੋਂ ਬਾਅਦ ਅਮਰੀਕਾ ਵਾਪਸੀ ਸਮੇਂ ਦਾਖ਼ਲਾ ਆਪਣੇ ਆਪ ਯਕੀਨੀ ਨਹੀਂ ਮੰਨਿਆ ਜਾਂਦਾ। ਏਅਰਪੋਰਟ ਜਾਂ ਸਰਹੱਦ ਉੱਤੇ ਅਧਿਕਾਰੀ ਵਿਦੇਸ਼ ਵਿਚ ਰਹਿਣ ਦੀ ਮਿਆਦ, ਯਾਤਰਾ ਦਾ ਮਕਸਦ, ਅਮਰੀਕਾ ਨਾਲ ਨਾਤੇ ਅਤੇ ਪਿਛਲੇ ਇਮੀਗ੍ਰੇਸ਼ਨ ਰਿਕਾਰਡ ਬਾਰੇ ਵਧੇਰੇ ਸਵਾਲ ਪੁੱਛ ਸਕਦੇ ਹਨ। ਵਿਦਿਆਰਥੀਆਂ ਅਤੇ ਵਰਕ ਵੀਜ਼ਾ ਧਾਰਕਾਂ ਲਈ ਵੀ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਆਪਣੇ ਸਕੂਲ, ਨੌਕਰੀ, ਵੀਜ਼ਾ ਅਤੇ ਸਟੇਟਸ ਨਾਲ ਸਬੰਧਤ ਸਾਰੇ ਦਸਤਾਵੇਜ਼ ਸਹੀ ਅਤੇ ਅਪਡੇਟ ਰੱਖਣ। ਇਮੀਗ੍ਰੇਸ਼ਨ ਮਾਹਰਾਂ ਦੀ ਸਲਾਹ ਹੈ ਕਿ ਵੀਜ਼ਾ ਰਿਨਿਊ ਕਰਵਾਉਣ, ਵਿਦੇਸ਼ ਯਾਤਰਾ ਕਰਨ ਜਾਂ ਸਟੇਟਸ ਬਦਲਣ ਤੋਂ ਪਹਿਲਾਂ ਆਪਣਾ ਪੂਰਾ ਇਮੀਗ੍ਰੇਸ਼ਨ ਰਿਕਾਰਡ ਧਿਆਨ ਨਾਲ ਦੇਖਿਆ ਜਾਵੇ। ਕਿਸੇ ਵੀ ਪੁਰਾਣੇ ਮਸਲੇ ਨੂੰ ਲੁਕਾਉਣਾ ਜਾਂ ਗਲਤ ਜਾਣਕਾਰੀ ਦੇਣਾ ਭਵਿੱਖ ਵਿਚ ਵੱਡੀ ਮੁਸ਼ਕਲ ਪੈਦਾ ਕਰ ਸਕਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਜਾਣਕਾਰੀ ਨਾ ਦੇਣ ਵਾਲੇ ਰਾਜਾਂ ਉੱਤੇ ਫੰਡਿੰਗ ਦਾ ਦਬਾਅ

ਜਕਾਰਤਾ
ਸਾਂਝੀ ਸੋਚ ਬਿਊਰੋ

ਟਰੰਪ ਪ੍ਰਸ਼ਾਸਨ ਨੇ ਅਮਰੀਕੀ ਰਾਜਾਂ ਅਤੇ ਸਥਾਨਕ ਸਰਕਾਰਾਂ ਉੱਤੇ ਫੈਡਰਲ ਇਮੀਗ੍ਰੇਸ਼ਨ ਕਾਨੂੰਨਾਂ ਨਾਲ ਸਹਿਯੋਗ ਵਧਾਉਣ ਲਈ ਨਵਾਂ ਦਬਾਅ ਬਣਾਇਆ ਹੈ। ਅਮਰੀਕੀ ਨਿਆਂ ਵਿਭਾਗ ਨੇ ਸੰਕੇਤ ਦਿੱਤਾ ਹੈ ਕਿ ਜੇ ਕੋਈ ਰਾਜ ਜਾਂ ਉਸ ਦੀਆਂ ਏਜੰਸੀਆਂ ਗੈਰਕਾਨੂੰਨੀ ਤੌਰ ਉੱਤੇ ਅਮਰੀਕਾ ਵਿਚ ਰਹਿ ਰਹੇ ਲੋਕਾਂ ਬਾਰੇ ਉਪਲਬਧ ਜਾਣਕਾਰੀ ਹੋਮਲੈਂਡ ਸਕਿਓਰਿਟੀ ਵਿਭਾਗ ਨਾਲ ਸਾਂਝੀ ਨਹੀਂ ਕਰਦੀਆਂ, ਤਾਂ ਕੁਝ ਫੈਡਰਲ ਭਲਾਈ ਫੰਡਾਂ ਉੱਤੇ ਅਸਰ ਪੈ ਸਕਦਾ ਹੈ। ਇਸ ਕਦਮ ਨਾਲ ਖ਼ਾਸ ਤੌਰ ਉੱਤੇ ਉਹ ਰਾਜ ਕੇਂਦਰ ਵਿਚ ਆ ਗਏ ਹਨ, ਜਿੱਥੇ ਸੈਂਕਚੂਅਰੀ ਨੀਤੀਆਂ ਲਾਗੂ ਹਨ। ਕੈਲੀਫੋਰਨੀਆ ਸਮੇਤ ਕਈ ਰਾਜਾਂ ਅਤੇ ਸ਼ਹਿਰਾਂ ਵਿਚ ਸਥਾਨਕ ਪੁਲਿਸ ਅਤੇ ਹੋਰ ਸਰਕਾਰੀ ਏਜੰਸੀਆਂ ਦੀਆਂ ਫੈਡਰਲ ਇਮੀਗ੍ਰੇਸ਼ਨ ਏਜੰਸੀਆਂ ਨਾਲ ਜਾਣਕਾਰੀ ਸਾਂਝੀ ਕਰਨ ਦੀਆਂ ਹੱਦਾਂ ਨਿਰਧਾਰਤ ਕੀਤੀਆਂ ਗਈਆਂ ਹਨ। ਇਨ੍ਹਾਂ ਨੀਤੀਆਂ ਦਾ ਮਕਸਦ ਸਥਾਨਕ ਕਾਨੂੰਨ-ਵਿਵਸਥਾ ਅਤੇ ਫੈਡਰਲ ਇਮੀਗ੍ਰੇਸ਼ਨ ਲਾਗੂ ਕਰਨ ਦੀਆਂ ਜ਼ਿੰਮੇਵਾਰੀਆਂ ਨੂੰ ਵੱਖ ਰੱਖਣਾ ਦੱਸਿਆ ਜਾਂਦਾ ਹੈ। ਫੈਡਰਲ ਸਰਕਾਰ ਦਾ ਰੁਖ਼ ਹੈ ਕਿ ਜਦੋਂ ਰਾਜੀ ਏਜੰਸੀਆਂ ਕੋਲ ਕਿਸੇ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਜਾਣਕਾਰੀ ਹੋਵੇ, ਤਾਂ ਉਸਨੂੰ ਡੀ.ਐੱਚ.ਐੱਸ. ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ ਕੁਝ ਰਾਜ ਇਸਨੂੰ ਆਪਣੇ ਅਧਿਕਾਰਾਂ ਅਤੇ ਸਥਾਨਕ ਨੀਤੀਆਂ ਵਿਚ ਫੈਡਰਲ ਦਖ਼ਲ ਵਜੋਂ ਦੇਖ ਸਕਦੇ ਹਨ। ਇਸ ਮਾਮਲੇ ਵਿਚ ਸਭ ਤੋਂ ਵੱਡਾ ਕਾਨੂੰਨੀ ਸਵਾਲ ਇਹ ਹੈ ਕਿ ਕੀ ਫੈਡਰਲ ਸਰਕਾਰ ਸਮਾਜਿਕ ਭਲਾਈ ਜਾਂ ਹੋਰ ਫੰਡਾਂ ਨੂੰ ਇਮੀਗ੍ਰੇਸ਼ਨ ਸਹਿਯੋਗ ਨਾਲ ਜੋੜ ਸਕਦੀ ਹੈ। ਜੇ ਅਸਲ ਵਿਚ ਫੰਡ ਰੋਕਣ ਦੀ ਕਾਰਵਾਈ ਕੀਤੀ ਜਾਂਦੀ ਹੈ, ਤਾਂ ਇਸਨੂੰ ਅਦਾਲਤਾਂ ਵਿਚ ਚੁਣੌਤੀ ਮਿਲਣ ਦੀ ਸੰਭਾਵਨਾ ਹੈ। ਆਮ ਲੋਕਾਂ ਲਈ ਇਸਦਾ ਤੁਰੰਤ ਅਸਰ ਅਜੇ ਸਪੱਸ਼ਟ ਨਹੀਂ ਹੈ। ਪਰ ਜੇ ਕੁਝ ਫੈਡਰਲ ਫੰਡ ਘਟਾਏ ਜਾਂ ਰੋਕੇ ਜਾਂਦੇ ਹਨ, ਤਾਂ ਇਸਦਾ ਪ੍ਰਭਾਵ ਸੂਬਾਈ ਸਮਾਜਿਕ ਸੇਵਾਵਾਂ ਅਤੇ ਹੋਰ ਭਲਾਈ ਪ੍ਰੋਗਰਾਮਾਂ ਉੱਤੇ ਪੈ ਸਕਦਾ ਹੈ। ਫਿਲਹਾਲ ਇਹ ਮਾਮਲਾ ਨੀਤੀ ਅਤੇ ਕਾਨੂੰਨੀ ਵਿਆਖਿਆ ਦੇ ਪੜਾਅ ਵਿਚ ਹੈ। ਇਸ ਲਈ ਇਸਨੂੰ ਅੰਤਿਮ ਅਤੇ ਪੂਰੀ ਤਰ੍ਹਾਂ ਲਾਗੂ ਹੋ ਚੁੱਕੇ ਨਿਯਮ ਵਜੋਂ ਪੇਸ਼ ਕਰਨਾ ਠੀਕ ਨਹੀਂ ਹੋਵੇਗਾ।



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ




## ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

# 8ਵਾਂ ਸਾਲਾਨਾ 'ਰਾਗ ਕੀਰਤਨ ਦਰਬਾਰ'

## ਦਾ ਵਿਸ਼ਾਲ ਅਤੇ ਰੂਹਾਨੀ ਸਮਾਗਮ ਕਰਵਾਇਆ ਜਾ ਰਿਹਾ ਹੈ।

# ਆਓ, ਇਸ ਸਮਾਗਮ ਵਿਚ ਗੁਰਬਾਣੀ ਨੂੰ

## ਉਸੇ ਰੂਹਾਨੀ ਅੰਦਾਜ਼ ਵਿੱਚ ਸੁਣੀਏ ਅਤੇ ਗਾਈਏ, ਜਿਸ ਤਰ੍ਹਾਂ ਇਹ ਗਾਈ ਅਤੇ ਸੁਣੀ ਜਾਣੀ ਚਾਹੀਦੀ ਹੈ।

**11 ਤੋਂ 13 ਸਤੰਬਰ 2026, ਸ਼ੁੱਕਰਵਾਰ ਤੋਂ ਐਤਵਾਰ ਤੱਕ ਆਯੋਜਿਤ ਕੀਤਾ ਜਾਵੇਗਾ।**

## ਇਸ ਸਮਾਗਮ ਵਿੱਚ



ਭਾਈ ਨਿਰਮਲ ਸਿੰਘ ਨਾਗਪੁਰੀ | ਡਾ. ਮਨਪ੍ਰੀਤ ਸਿੰਘ | ਡਾ. ਗੁਰਨਾਮ ਸਿੰਘ | ਭਾਈ ਕਰਨਜੀਤ ਸਿੰਘ ਸ਼ਾਂਤ | ਬੀਬੀ ਸੋਨੀ ਕੌਰ | ਬੀਬੀ ਸਿਮਰਤ ਕੌਰ | ਭਾਈ ਗੁਰਪ੍ਰੀਤ ਸਿੰਘ | ਭਾਈ ਸਿਮਰਨਜੀਤ ਸਿੰਘ ਖਾਲਸਾ | ਪ੍ਰੋ. ਦਲਬੀਰ ਸਿੰਘ ਤੇ ਵਿਦਿਆਰਥੀ

ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸਮੂਹ ਸੰਗਤਾਂ ਨੂੰ ਇਸ ਪਵਿੱਤਰ ਅਤੇ ਰਸਭਿੰਨੇ ਕੀਰਤਨ ਦਰਬਾਰ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।**

ਗੁਰਦਵਾਰਾ ਸਾਹਿਬ ਦਾ ਪਤਾ :
3636 Gurdwara Avenue
San Jose, Cailforina

ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ
(408) 274-9373


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

Serving Californians since 1999

Global Green
INSURANCE AGENCY
Lic #oF34231
Mann Insurance Brokers Inc.
dba Global Green Insurance Agency of the Bay Area
AUTO, HOME,
BUSINESS, LIFE
510-487-1000
WWW.GGIABA.COM

COVERED CALIFORNIA
Certified INSURANCE AGENT
Free Confidential Help
Call : Gurcharan Singh Mann
CA License
Medicare
Licensed Insurance Agent
CA Lic # 0C70672
CALL TO ENROL
510-557-0061

Buying OR Selling Real Estate Let US HELP
MANN
Real Estate Services
BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE
510-557-0061
Find your home on our website
www.mannres.com



Gurcharan Singh Mann
DRE#02321006

# ਅਮਰੀਕਾ 'ਚ ਪੰਜਾਬੀ ਨੌਜਵਾਨ ਗ੍ਰਿਫ਼ਤਾਰ 40 ਕਿਲੋ ਕੋਕੀਨ ਤੇ ਪਿਸਤੌਲਾਂ ਬਰਾਮਦ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ



ਅਮਰੀਕਾ ਦੇ ਕੈਲੀਫੋਰਨੀਆ ਵਿੱਚ ਪੁਲਿਸ ਅਤੇ ਢਭੀ ਦੀ ਸਾਂਝੀ ਕਾਰਵਾਈ ਦੌਰਾਨ ਪੰਜਾਬ ਦੇ ਰਹਿਣ ਵਾਲੇ ਕੰਵਲਪ੍ਰੀਤ (50) ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ 'ਤੇ ਪਿਜ਼ਾ ਰੈਸਟੋਰੈਂਟ ਦੀ ਆੜ ਵਿੱਚ ਕੌਮਾਂਤਰੀ ਡਰੱਗ ਸਿੰਡੀਕੇਟ ਚਲਾਉਣ ਅਤੇ ਕੋਕੀਨ ਦੀ ਸਪਲਾਈ ਕਰਨ ਦੇ ਦੋਸ਼ ਹਨ। ਜਾਂਚ ਏਜੰਸੀਆਂ ਮੁਤਾਬਕ ਮੁਲਜ਼ਮ ਦੇ ਟਿਕਾਣਿਆਂ 'ਤੇ ਛਾਪੇਮਾਰੀ ਦੌਰਾਨ 40 ਕਿਲੋ ਕੋਕੀਨ, ਕਈ ਪਿਸਤੌਲਾਂ ਅਤੇ ਵੱਡੀ ਮਾਤਰਾ ਵਿੱਚ ਡਾਲਰਾਂ ਦੀ ਨਕਦੀ ਬਰਾਮਦ ਕੀਤੀ ਗਈ।

ਦੋਸ਼ ਹੈ ਕਿ ਉਹ ਪਿਜ਼ਾ ਡਿਲੀਵਰੀ ਦੇ ਬਹਾਨੇ ਕੋਕੀਨ ਅਤੇ ਮੈਥ ਵਰਗੇ ਨਸ਼ਿਆਂ ਦੀ ਸਪਲਾਈ ਕਰਦਾ ਸੀ ਅਤੇ ਇਸ ਤਰ੍ਹਾਂ ਇੱਕ ਵੱਡਾ ਨੈੱਟਵਰਕ ਖੜ੍ਹਾ ਕਰ ਲਿਆ ਸੀ। ਪੁਲਿਸ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਮੁਲਜ਼ਮ ਕਥਿਤ ਤੌਰ 'ਤੇ ਬਿਨਾਂ ਵੈਧ ਦਸਤਾਵੇਜ਼ਾਂ ਦੇ ਅਮਰੀਕਾ ਵਿੱਚ ਰਹਿ ਰਿਹਾ ਸੀ। ਅਧਿਕਾਰੀਆਂ ਦਾ ਦੋਸ਼ ਹੈ ਕਿ ਉਸ ਨੇ ਆਪਣੇ ਰੈਸਟੋਰੈਂਟ ਕਾਰੋਬਾਰ ਦੀ ਆੜ ਵਿੱਚ ਲੰਬੇ ਸਮੇਂ ਤੱਕ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਨੂੰ ਚਲਾਇਆ। ਪੁਲਿਸ ਨੇ ਨਸ਼ਿਆਂ ਦੇ ਨਾਲ ਹਥਿਆਰ ਵੀ ਬਰਾਮਦ ਕੀਤੇ ਹਨ। ਹੁਣ ਮੁਲਜ਼ਮ ਖ਼ਿਲਾਫ਼ ਡਰੱਗ ਤਸਕਰੀ, ਹਥਿਆਰਾਂ ਅਤੇ ਇਮੀਗ੍ਰੇਸ਼ਨ ਨਾਲ ਜੁੜੇ ਗੰਭੀਰ ਦੋਸ਼ਾਂ ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਦੋਸ਼ ਸਾਬਤ ਹੋਣ 'ਤੇ ਉਸ ਨੂੰ ਲੰਬੀ ਕੈਦ ਅਤੇ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਸਾਊਦੀ ਅਰਬ ਦੇ 4 ਸ਼ਹਿਰਾਂ 'ਤੇ ਹੂਤੀਆਂ ਦੇ ਹਮਲੇ, 73 ਜ਼ਖ਼ਮੀ

ਯਮਨ
ਸਾਂਝੀ ਸੋਚ ਬਿਊਰੋ



ਯਮਨ ਵਿੱਚ ਹੂਤੀ ਬਾਗੀਆਂ ਅਤੇ ਸਾਊਦੀ ਅਰਬ ਵਿਚਕਾਰ ਤਣਾਅ ਮੁੜ ਵਧ ਗਿਆ ਹੈ। ਹੂਤੀਆਂ ਨੇ ਸੋਮਵਾਰ ਨੂੰ ਸਾਊਦੀ ਅਰਬ ਦੇ ਅਬਹਾ, ਜਿਜ਼ਾਨ, ਨਜਰਾਨ ਅਤੇ ਖਮਿਸ ਮੁਸ਼ਾਇਤ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ। ਹਮਲਿਆਂ ਵਿੱਚ 73 ਲੋਕ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ। ਹਮਲਿਆਂ ਦੌਰਾਨ ਅਬਹਾ ਏਅਰਪੋਰਟ, ਕਿੰਗ ਖਾਲਿਦ ਏਅਰਬੇਸ ਅਤੇ ਅਰਾਮਕੋ ਦੀਆਂ ਕੁਝ ਸਹੂਲਤਾਂ ਨੂੰ ਵੀ ਨਿਸ਼ਾਨਾ ਬਣਾਏ ਜਾਣ ਦੀਆਂ ਰਿਪੋਰਟਾਂ ਹਨ। ਇਸ ਤੋਂ ਕੁਝ ਘੰਟੇ ਪਹਿਲਾਂ ਹੂਤੀਆਂ ਨੇ ਦੋਸ਼ ਲਾਇਆ ਸੀ ਕਿ ਸਾਊਦੀ ਅਰਬ ਨੇ ਯਮਨ ਦੇ ਅਲ-ਹਜ਼ਮ ਸ਼ਹਿਰ ਦੀ ਇੱਕ ਜੇਲ੍ਹ 'ਤੇ ਹਵਾਈ ਹਮਲਾ ਕੀਤਾ। ਹੂਤੀਆਂ ਮੁਤਾਬਕ ਇਸ ਹਮਲੇ ਵਿੱਚ 11 ਲੋਕਾਂ ਦੀ ਮੌਤ ਹੋਈ, ਜਿਨ੍ਹਾਂ ਵਿੱਚ ਇੱਕ ਬੱਚਾ ਵੀ ਸ਼ਾਮਲ ਸੀ। ਦੱਸਿਆ ਗਿਆ ਕਿ ਬੱਚਾ ਆਪਣੀ ਮਾਂ ਨਾਲ ਜੇਲ੍ਹ ਵਿੱਚ ਆਪਣੇ ਪਿਤਾ ਨੂੰ ਮਿਲਣ ਆਇਆ ਸੀ। ਜੇਲ੍ਹ ਦੇ ਵਾਰਡਨ ਮੁਤਾਬਕ ਮਲਬੇ ਹੇਠਾਂ ਇੱਕ ਔਰਤ ਸਮੇਤ 35 ਕੈਦੀ ਫਸੇ ਗਏ ਸਨ। ਯਮਨ ਵਿੱਚ ਸਾਊਦੀ ਅਗਵਾਈ ਵਾਲੇ ਗਠਜੋੜ ਦੇ ਬੁਲਾਰੇ ਮੇਜਰ ਜਨਰਲ ਤੁਰਕੀ ਅਲ-ਮਲਿਕੀ ਨੇ ਕਿਹਾ ਕਿ ਇਨ੍ਹਾਂ ਹਮਲਿਆਂ ਦਾ ਜਵਾਬ ਦਿੱਤਾ ਜਾਵੇਗਾ ਅਤੇ ਲੋੜੀਂਦੀ ਫੌਜੀ ਕਾਰਵਾਈ ਕੀਤੀ ਜਾਵੇਗੀ।

# ਮਿਡਟਰਮ ਚੋਣਾਂ ਸਭ ਤੋਂ ਅਹਿਮ ਪੜਾਅ 'ਚ ਦਾਖਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਅਮਰੀਕਾ ਦੀਆਂ 3 ਨਵੰਬਰ 2026 ਦੀਆਂ ਮਿਡਟਰਮ ਚੋਣਾਂ ਹੁਣ ਆਪਣੇ ਸਭ ਤੋਂ ਅਹਿਮ ਪੜਾਅ ਵਿਚ ਦਾਖ਼ਲ ਹੋ ਰਹੀਆਂ ਹਨ। ਤਾਜ਼ਾ ਰਿਪੋਰਟਾਂ ਮੁਤਾਬਕ ਇਹ ਚੋਣਾਂ ਵੱਡੇ ਪੱਧਰ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਵੋਟਰਾਂ ਦੇ ਫ਼ੈਸਲੇ ਵਜੋਂ ਦੇਖੀਆਂ ਜਾ ਰਹੀਆਂ ਹਨ। ਮਹਿੰਗਾਈ, ਆਰਥਿਕ ਅਸੰਤੋਸ਼, ਇਰਾਨ ਨਾਲ ਸੰਘਰਸ਼, ਟੈਰਿਫ਼ ਅਤੇ ਇਮੀਗ੍ਰੇਸ਼ਨ ਵਰਗੇ ਮੁੱਦੇ ਵੋਟਰਾਂ ਦੀ ਸੋਚ ਉੱਤੇ ਪ੍ਰਭਾਵ ਪਾ ਰਹੇ ਹਨ। ਸਭ ਤੋਂ ਵੱਡਾ ਕਾਨੂੰਨੀ ਵਿਵਾਦ ਡਾਕ ਰਾਹੀਂ ਵੋਟਿੰਗ ਨੂੰ ਲੈ ਕੇ ਚੱਲ ਰਿਹਾ ਹੈ। ਟਰੰਪ ਪ੍ਰਸ਼ਾਸਨ ਨੇ ਸੁਪਰੀਮ ਕੋਰਟ ਵਿਚ ਮੁੜ ਅਪੀਲ ਕਰਕੇ ਨਵੀਆਂ ਮੇਲ-ਇੰਨ ਬੈਲੇਟ ਪਾਬੰਦੀਆਂ ਲਾਗੂ ਕਰਨ ਦੀ ਇਜਾਜ਼ਤ ਮੰਗੀ ਹੈ। ਹੇਠਲੀ ਸੰਘੀ ਅਦਾਲਤ ਨੇ ਇਸ ਨੀਤੀ ਉੱਤੇ ਰੋਕ ਵਧਾ ਦਿੱਤੀ ਸੀ। ਵਿਵਾਦਿਤ ਨਿਯਮਾਂ ਵਿਚ ਰਾਜਾਂ ਵੱਲੋਂ ਡਾਕ ਰਾਹੀਂ ਬੈਲਟ ਪ੍ਰਾਪਤ ਕਰਨ ਵਾਲਿਆਂ ਦੀਆਂ ਸੂਚੀਆਂ ਡਾਕ ਸੇਵਾ ਨੂੰ ਦੇਣ ਅਤੇ ਹਰ ਬੈਲਟ ਉੱਤੇ ਖ਼ਾਸ ਬਾਰਕੋਡ ਦੀ ਸ਼ਰਤ ਸ਼ਾਮਲ ਹੈ। ਮਾਮਲਾ ਅਜੇ ਅਦਾਲਤੀ ਪ੍ਰਕਿਰਿਆ ਵਿਚ ਹੈ ਅਤੇ ਅੰਤਿਮ ਫ਼ੈਸਲਾ ਨਹੀਂ ਆਇਆ। ਇਸ ਦੌਰਾਨ ਕੁਝ ਰਾਜਾਂ ਵਿਚ ਮੇਲ ਬੈਲੇਟਸ ਭੇਜਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ, ਜਿਸ ਕਾਰਨ ਅਦਾਲਤੀ ਫ਼ੈਸਲੇ ਦੀ ਟਾਈਮਿੰਗ ਹੋਰ ਵੀ ਅਹਿਮ ਬਣ ਗਈ ਹੈ। ਹਾਊਸ ਵਿਚ ਡੈਮੋਕ੍ਰੇਟਸ ਨੂੰ ਬਹੁਮਤ ਲਈ ਸਿਰਫ਼ ਤਿੰਨ ਸੀਟਾਂ ਪਲਟਣੀਆਂ ਹਨ, ਜਦਕਿ ਸੈਨੇਟ ਵਿਚ ਨੌਂ ਵੱਡੇ ਮੁਕਾਬਲੇ ਕੰਟਰੋਲ ਦਾ ਫ਼ੈਸਲਾ ਕਰ ਸਕਦੇ ਹਨ। ਟੈਕਸਸ, ਮਿਸ਼ੀਗਨ, ਜਾਰਜੀਆ, ਮੇਨ, ਓਹਾਇਓ ਅਤੇ ਨਾਰਥ ਕੈਰੋਲੀਨਾ ਵਰਗੇ ਰਾਜ ਖ਼ਾਸ ਨਜ਼ਰ ਵਿਚ ਹਨ। ਟਰੰਪ ਨੇ ਰਿਪਬਲਿਕਨ ਉਮੀਦਵਾਰਾਂ ਲਈ ਖੁਦ ਪ੍ਰਚਾਰ ਕਰਨ ਅਤੇ MAGA Inc. ਰਾਹੀਂ 400 ਤੋਂ 500 ਮਿਲੀਅਨ ਡਾਲਰ ਤੱਕ ਖ਼ਰਚਣ ਦੀ ਗੱਲ ਵੀ ਕੀਤੀ ਹੈ। ਇਸ ਲਈ 2026 ਦੀਆਂ ਮਿਡਟਰਮ ਚੋਣਾਂ ਸਿਰਫ਼ ਕਾਂਗਰਸ ਦੇ ਕੰਟਰੋਲ ਦੀ ਲੜਾਈ ਨਹੀਂ, ਸਗੋਂ ਟਰੰਪ ਦੀ ਰਾਜਨੀਤਿਕ ਤਾਕਤ ਅਤੇ ਉਨ੍ਹਾਂ ਦੀਆਂ ਨੀਤੀਆਂ ਦੀ ਵੱਡੀ ਜਨਤਕ ਪ੍ਰੀਖਿਆ ਵੀ ਬਣ ਗਈਆਂ ਹਨ।

# ਬ੍ਰਿਕਸ ਸੰਮੇਲਨ 'ਚ ਸ਼ਾਮਲ ਹੋਣ ਲਈ ਭਾਰਤ ਆਉਣਗੇ ਪੁਤਿਨ, ਮੋਦੀ ਨਾਲ ਕਰਨਗੇ ਦੁਵੱਲੀ ਬੈਠਕ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਦਿੱਲੀ ਆਉਣਗੇ। 11 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਬ੍ਰਿਕਸ ਨੇਤਾਵਾਂ ਦੀ ਬੈਠਕ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੁਤਿਨ ਦੀ ਦੁਵੱਲੀ ਬੈਠਕ ਹੋਵੇਗੀ। ਰੂਸ ਦੇ ਰਾਸ਼ਟਰਪਤੀ ਦਫ਼ਤਰ ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਇਸ ਮੁਲਾਕਾਤ ਦੀ ਪੁਸ਼ਟੀ ਕੀਤੀ ਹੈ। ਉਹਨਾਂ ਕਿਹਾ ਕਿ ਭਾਰਤ ਨੂੰ ਰੂਸ ਆਪਣਾ ਰਣਨੀਤਕ ਭਾਈਵਾਲ ਮੰਨਦਾ ਹੈ ਅਤੇ ਦੋਵਾਂ ਦੇਸ਼ਾਂ ਦੇ ਸਬੰਧ ਉਸ ਲਈ ਬਹੁਤ ਮਹੱਤਵਪੂਰਨ ਹਨ। ਦਮਿਤਰੀ ਪੇਸਕੋਵ ਨੇ ਦੱਸਿਆ ਕਿ ਰੂਸ ਬ੍ਰਿਕਸ ਸੰਮੇਲਨ ਵਿੱਚ ਸੁਰੱਖਿਆ, ਆਰਥਿਕ, ਵਿੱਤੀ ਅਤੇ ਸੱਭਿਆਚਾਰਕ ਸਹਿਯੋਗ ਨੂੰ ਬੜ੍ਹਾਵਾ ਦੇਵੇਗਾ। ਉਹਨਾਂ ਕਿਹਾ ਕਿ ਰੂਸ ਬ੍ਰਿਕਸ ਦੇ ਤਹਿਤ ਸਹਿਯੋਗ ਦੇ ਵੱਖ-ਵੱਖ ਰੂਪਾਂ ਵਿੱਚ ਸ਼ਾਮਲ ਹੋਣ ਲਈ ਨਵੇਂ ਦੇਸ਼ਾਂ ਨੂੰ ਸੱਦਾ ਦੇਣ ਦੇ ਵਿਚਾਰ ਦਾ ਸਮਰਥਨ ਕਰਦਾ ਹੈ। ਇਸ ਦੌਰਾਨ ਉਹਨਾਂ ਯੂਕਰੇਨ ਨਾਲ ਸ਼ਾਂਤੀ ਨੂੰ ਲੈ ਕੇ ਭਾਰਤ ਦੀ ਮਦਦ ਨਾਲ ਜੁੜੇ ਸਵਾਲ 'ਤੇ ਕਿਹਾ ਕਿ ਯੂਕਰੇਨ ਸੰਕਟ ਦੇ ਸ਼ਾਂਤੀਪੂਰਨ ਹੱਲ ਦੇ ਯਤਨਾਂ ਵਿੱਚ ਰੂਸ ਭਾਰਤ ਦੇ ਯੋਗਦਾਨ ਦੀ ਇੱਛਾ ਦਾ ਸਵਾਗਤ ਕਰਦਾ ਹੈ। ਦੱਸ ਦਈਏ ਕਿ ਪੀ ਐਮ ਮੋਦੀ ਅਤੇ ਪੁਤਿਨ ਦੀ ਬੈਠਕ ਵਿੱਚ ਵਪਾਰ ਅਤੇ ਆਰਥਿਕ ਸਹਿਯੋਗ 'ਤੇ ਵੀ ਗੱਲਬਾਤ ਹੋਵੇਗੀ। ਦੋਵੇਂ ਦੇਸ਼ ਆਪਸੀ ਕਾਰੋਬਾਰ ਵਧਾਉਣ ਅਤੇ ਆਪਣੀਆਂ ਕੰਪਨੀਆਂ ਲਈ ਨਵੇਂ ਮੌਕੇ ਤਲਾਸ਼ਣ 'ਤੇ ਚਰਚਾ ਕਰ ਸਕਦੇ ਹਨ। ਭਾਰਤੀ ਕੰਪਨੀਆਂ ਰੂਸ ਦੇ ਬਾਜ਼ਾਰ ਵਿੱਚ ਕਾਰੋਬਾਰ ਵਧਾਉਣ ਵਿੱਚ ਦਿਲਚਸਪੀ ਦਿਖਾ ਰਹੀਆਂ ਹਨ। ਉੱਥੇ ਹੀ ਰੂਸ ਵੀ ਭਾਰਤ ਵਿੱਚ ਆਪਣੀਆਂ ਕੰਪਨੀਆਂ ਅਤੇ ਉਤਪਾਦਾਂ ਦੀ ਪਹੁੰਚ ਵਧਾਉਣਾ ਚਾਹੁੰਦਾ ਹੈ। ਜ਼ਿਕਰਯੋਗ ਹੈ ਕਿ ਬ੍ਰਿਕਸ (ਭ੍ਰਿਛਸ਼) 11 ਮੁੱਖ ਉੱਭਰਦੀਆਂ ਅਰਥਵਿਵਸਥਾਵਾਂ ਵਾਲੇ ਦੇਸ਼ਾਂ ਦਾ ਇੱਕ ਸਮੂਹ ਹੈ। ਇਹਨਾਂ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫ਼ਰੀਕਾ, ਮਿਸਰ, ਈਥੋਪੀਆ, ਈਰਾਨ, ਯੂ.ਏ.ਈ. (ਅਓ), ਸਾਊਦੀ ਅਰਬ ਅਤੇ ਇੰਡੋਨੇਸ਼ੀਆ ਸ਼ਾਮਲ ਹਨ।




WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ
SIKH GURDWARA - SAN JOSE
ਗੁਰਦੁਆਰਾ ਸਾਹਿਬ San Jose
ਗੁਰਦੁਆਰਾ ਸਾਹਿਬ ਸੈਨ ਹੋਜੇ ਵੱਲੋਂ ਸਤੰਬਰ ਮਹੀਨੇ ਵਿੱਚ ਸੰਗਤਾਂ ਲਈ
ਵਿਸ਼ੇਸ਼ ਧਾਰਮਿਕ, ਗੁਰਮਤਿ ਅਤੇ ਯਾਦਗਾਰੀ ਸਮਾਗਮਾਂ ਦੀ ਲੜੀ ਕਰਵਾਈ ਜਾ ਰਹੀ ਹੈ।
ਜਪੁਜੀ ਸਾਹਿਬ ਕਥਾ ਅਤੇ ਗੁਰਮਤਿ ਵਿਚਾਰ
31 ਅਗਸਤ ਤੋਂ 27 ਸਤੰਬਰ ਤੱਕ
ਗਿਆਨੀ ਲਖਵਿੰਦਰ ਸਿੰਘ ਜੀ ਵੱਲੋਂ ਸਵੇਰ ਅਤੇ ਸ਼ਾਮ ਦੇ ਦੀਵਾਨਾਂ ਰਾਹੀਂ ਸ੍ਰੀ ਜਪੁਜੀ ਸਾਹਿਬ ਦੀ ਕਥਾ ਅਤੇ ਗੁਰਮਤਿ ਵਿਚਾਰ ਕੀਤਾ ਜਾਵੇਗਾ।
ਵਿਸ਼ੇਸ਼ ਗੁਰਬਾਣੀ ਕੀਰਤਨ
2 ਤੋਂ 7 ਸਤੰਬਰ
ਭਾਈ ਗੁਰਮੇਲ ਸਿੰਘ ਜੀ ( ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ) ਵੱਲੋਂ ਵਿਸ਼ੇਸ਼ ਗੁਰਬਾਣੀ ਕੀਰਤਨ ਦੀ ਸੇਵਾ।
2nd Annual Volleyball Tournament
5 ਸਤੰਬਰ 2026
ਗੁਰਦੁਆਰਾ ਸਾਹਿਬ ਸੈਨ ਹੋਜੇ ਅਤੇ ਸਾਂਤਾ ਕਲਾਰਾ ਵਾਲੀਬਾਲ ਕਲੱਬ ਵੱਲੋਂ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਸ਼ਹਾਦਤ ਨੂੰ ਸਮਰਪਿਤ।
ਸ਼ਹੀਦੀ ਸਮਾਗਮ
6 ਸਤੰਬਰ 2026
ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਦੀ ਯਾਦ ਨੂੰ ਸਮਰਪਿਤ ਗੁਰਬਾਣੀ ਕੀਰਤਨ, ਕਥਾ ਅਤੇ ਵਿਸ਼ੇਸ਼ ਵਿਚਾਰ।
ਸੰਗਤ ਰੂਪੀ ਜਪੁਜੀ ਸਾਹਿਬ ਪਾਠ
6, 20 ਅਤੇ 27 ਸਤੰਬਰ
ਦੁਪਹਿਰ 12:20 ਤੋਂ 1:00 ਵਜੇ ਤੱਕ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ
12 ਸਤੰਬਰ 2026
ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਗੱਦੀ ਦਿਵਸ ਨੂੰ ਸਮਰਪਿਤ
13 ਸਤੰਬਰ 2026 ਨੂੰ
ਕੀਰਤਨ, ਕਥਾ ਅਤੇ ਗੁਰਮਤਿ ਵਿਚਾਰ ਦਾ ਪ੍ਰੋਗਰਾਮ।
ਸਨਮਾਨਿਤ ਪ੍ਰੋਗਰਾਮ
13 ਸਤੰਬਰ
ਨੂੰ ਹੀ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਜੀ ਦੀ ਮਨੁੱਖੀ ਅਧਿਕਾਰਾਂ ਅਤੇ ਇਨਸਾਫ਼ ਲਈ ਲੰਬੀ ਸੇਵਾ ਅਤੇ ਸੰਘਰਸ਼ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।
8th Annual Raag Kirtan Darbar
11 ਤੋਂ 13 ਸਤੰਬਰ 2026
ਵੱਖ-ਵੱਖ ਰਾਗੀ ਜਥਿਆਂ ਵੱਲੋਂ ਹਾਜ਼ਰੀ ਅਤੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਸੁੰਦਰ ਉਪਰਾਲਾ।
ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ
24 ਸਤੰਬਰ 2026
Katha of Japji Sahib
Giani Lakhwinder Singh Ji
Gurbani Keertan
Bhai Gurmail Singh Ji
September 2 - September 7
Volleyball Tournament
$1000
$700
Sept 5, 2026
Honoring a True Human Rights Warrior
Raag Keertan Darbar
September 11-13, 2026
Japji Sahib Path
Shaheedi Smagam
Sri Guru Granth Sahib Ji
Guru Arjan Dev Ji
Guru Ramdas Ji
Address : 3636 Gurdwara Ave, San Jose, CA, 95148
www.sanjosegurdwara.com | (408) 274-9373


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd. Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ" ਦਾ ਸਿਲਵਰ ਜੁਬਲੀ ਸਮਾਗਮ ਯਾਦਗਾਰੀ ਹੋਵੇਗਾ

## 12 ਸਤੰਬਰ ਨੂੰ ਸਿਆਟਲ ਵਿਖੇ ਹੋਵੇਗਾ ਸਮਾਗਮ

ਸਿਆਟਲ
ਜਗਰੂਪ ਸਿੰਘ ਜਰਖੜ

ਸਿਆਟਲ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਦੀਆਂ ਤੰਦਾਂ ਨੂੰ ਆਪਸ ਵਿੱਚ ਜੋੜਨ ਅਤੇ ਉਹਨਾਂ ਦੇ ਕਾਰੋਬਾਰਾਂ ਨੂੰ ਮਜਬੂਤ ਕਰਨ ਦੇ ਇਰਾਦਿਆਂ ਨਾਲ ਢਾਈ ਦਹਾਕੇ ਪਹਿਲਾਂ ਸ਼ੁਰੂ ਹੋਈ " ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ" ਦਾ 25ਵਾਂ ਸਿਲਵਰ ਜੁਬਲੀ ਸਮਾਗਮ 12 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਾਮ 4 ਤੋਂ 8 ਵਜੇ ਤੱਕ ਗੋਲਡਨ ਇੰਡੀਆ ਕਰੀ ਹਾਊਸ 23811 ਵੈਲੀ ਕੈਂਟ ਸਿਆਟਲ ਵਿਖੇ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਦੀਆਂ ਮੋਹਤਵਾਰ ਹਸਤੀਆਂ ਦੀ ਹਾਜ਼ਰੀ ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਦੇ ਮੁੱਖ ਸੰਸਥਾਪਕ ਬਲਜੀਤ ਸਿੰਘ ਸੈਂਹਬੀ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਰਹਿਮਤ ਨਾਲ ਅਮਰੀਕਾ ਵਿੱਚ ਖਾਸ ਕਰਕੇ ਸਿਆਟਲ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਇੱਕ ਡਾਇਰੈਕਟਰੀ ਦੇ ਰੂਪ ਵਿੱਚ ਪਰੋਣ ਦੀ ਸੇਵਾ ਲਈ ਹੈ ਉਹ ਕਾਬਿਲੇ ਤਰੀਫ ਹੈ। ਇਸ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਵਿੱਚ ਸਿਆਟਲ ਦੇ ਸਮੂਹ ਗੁਰਦੁਆਰਾ ਸਾਹਿਬ , ਸਮੂਹ ਸਕੂਲ , ਨਾਮੀ ਬਿਜਨਸਮੈਨ, ਡਾਕਟਰ ਸਾਹਿਬਾਨ, ਸਮਾਜਿਕ ਅਤੇ ਵਪਾਰਕ ਕਾਰੋਬਾਰੀਆਂ, ਖੇਡ ਗਤੀਵਿਧੀਆਂ ਆਦਿ ਲੋਕਾਂ ਦੀਆਂ ਹੋਰ ਲੋਕਾਂ ਗਤੀ ਵਿਧੀਆ, ਪ੍ਰਾਪਤੀਆਂ, ਫੋਨ ਨੰਬਰਾਂ, ਯਾਦਗਾਰੀ ਤਸਵੀਰਾਂ ਨੂੰ ਦਰਸਾਉਂਦੀ ਦਸਤਾਵੇਜ਼ੀ ਇਤਿਹਾਸ ਦਾ ਪੰਨਾ ਬਣਦੀ ਹੈ ਅਤੇ ਸਮੁੱਚੇ ਭਾਈਚਾਰੇ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਇਕੱਠਾ ਕਰਦੀ ਹੈ। ਉਨਾਂ ਦੱਸਿਆ ਕਿ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਦਾ ਮੁੱਖ ਮਕਸਦ ਸਮੂਹ ਪੰਜਾਬੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਨਾ, ਆਪਸ ਵਿੱਚ ਮੇਲ ਮਿਲਾਪ ਵਧਾਉਣਾ , ਤਰੱਕੀ ਦੀਆਂ ਲੀਹਾਂ ਤੇ ਪਾਉਣਾ ਹੈ। ਹਰ ਸਾਲ ਇਸ ਡਾਇਰੈਕਟਰੀ ਦੇ ਸਮਾਜ ਵਿੱਚ ਸਾਰਥਿਕ ਨਤੀਜੇ ਮਿਲਦੇ ਹਨ। ਸਿਲਵਰ ਜੁਬਲੀ ਸਮਾਗਮ ਦੌਰਾਨ ਜਿੱਥੇ ਗ੍ਰੈਂਡ ਸਪਾਂਸਰ ਡਾਕਟਰ ਪ੍ਰਿੰਸੀ ਰਿਖੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਉੱਥੇ ਪੰਜਾਬ ਤੋਂ ਉਚੇਚੇ ਤੌਰ






ਤੇ ਆਏ ਉੱਘੇ ਖੇਡ ਪ੍ਰਮੋਟਰ ,ਖੇਡ ਲੇਖਕ ਜਗਰੂਪ ਸਿੰਘ ਜਰਖੜ ਵੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਣਗੇ। ਇਸ ਮੌਕੇ ਜਿੱਥੇ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਗੀਤ ਸੰਗੀਤ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਉੱਥੇ ਆਏ ਸਮੂਹ ਮਹਿਮਾਨਾਂ ਲਈ ਰਾਤ ਦੇ ਖਾਣੇ (ਡਿਨਰ) ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਸਿਲਵਰ ਜੁਬਲੀ ਸਮਾਗਮ ਦੀਆਂ ਤਿਆਰੀਆਂ ਪੂਰੇ ਜੋਰਾਂ ਤੇ ਚੱਲ ਰਹੀਆਂ ਹਨ। ਇਸ ਵਾਰੀ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਦਾ ਸਮਾਗਮ ਯਾਦਗਾਰੀ ਪੈੜਾਂ ਪਾ ਕੇ ਸਮਾਪਤ ਹੋਵੇਗਾ । ਇਸ ਮੌਕੇ ਮੁੱਖ ਸਹਿਯੋਗੀ ਸੱਜਣ ਅਤੇ ਸਿਆਟਲ ਭਾਈਚਾਰੇ ਦੀਆਂ ਮਹਾਨ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ।

# ਆਪ ਸਰਕਾਰ 'ਜਨਤਾ ਦੀ ਸਰਕਾਰ' ਹੈ, 3 ਕਰੋੜ ਪੰਜਾਬੀਆਂ ਲਈ ਕਿਸੇ ਨੂੰ ਵੀ ਪਰੇਸ਼ਾਨੀ ਖੜ੍ਹੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ: ਅਮਨ ਅਰੋੜਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੇ ਮੁਲਾਜ਼ਮਾਂ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਹਰ ਜਾਇਜ਼ ਮੰਗ 'ਤੇ ਵਿਚਾਰ ਕਰਨ ਅਤੇ ਉਸ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਤਿੰਨ ਕਰੋੜ ਪੰਜਾਬੀ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਇੱਕੋ ਪਰਿਵਾਰ ਦਾ ਹਿੱਸਾ ਹਨ ਅਤੇ ਸਰਕਾਰ ਦਾ ਉਦੇਸ਼ ਗੱਲਬਾਤ, ਆਪਸੀ ਸਮਝਦਾਰੀ ਅਤੇ ਹਾਂ-ਪੱਖੀ ਪਹੁੰਚ ਰਾਹੀਂ ਸਾਰੀਆਂ ਵਾਜਬ ਚਿੰਤਾਵਾਂ ਦਾ ਹੱਲ ਕੱਢਣਾ ਹੈ।ਇੱਕ ਬਿਆਨ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ, "ਸਾਡੇ ਲਈ ਤਿੰਨ ਕਰੋੜ ਪੰਜਾਬੀ ਇੱਕ ਪਰਿਵਾਰ ਹਨ ਅਤੇ ਸਾਡੇ ਮੁਲਾਜ਼ਮ ਇਸ ਪਰਿਵਾਰ ਦਾ ਉੱਨਾ ਹੀ ਮਹੱਤਵਪੂਰਨ ਹਿੱਸਾ ਹਨ। ਅਸੀਂ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸਮਝਦੇ ਹਾਂ ਅਤੇ ਪੰਜਾਬ ਲਈ ਉਨ੍ਹਾਂ ਦੇ ਯੋਗਦਾਨ ਦਾ ਸਤਿਕਾਰ ਕਰਦੇ ਹਾਂ। ਸਾਡੀ ਸਰਕਾਰ ਆਪਣੇ ਮੁਲਾਜ਼ਮਾਂ ਦੀ ਹਰ ਜਾਇਜ਼ ਮੰਗ 'ਤੇ ਵਿਚਾਰ ਕਰਨ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਇਮਾਨਦਾਰੀ ਨਾਲ ਕੰਮ ਕਰਨ ਲਈ ਵਚਨਬੱਧ ਹੈ।"



ਉਨ੍ਹਾਂ ਮੁਲਾਜ਼ਮ ਜਥੇਬੰਦੀਆਂ ਨੂੰ ਚੱਲ ਰਹੀ ਹੜਤਾਲ ਖ਼ਤਮ ਕਰਕੇ ਆਪਣੀ ਡਿਊਟੀ 'ਤੇ ਪਰਤਣ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ, "ਮੈਂ ਸਾਡੇ ਮੁਲਾਜ਼ਮਾਂ ਨੂੰ ਹੜਤਾਲ ਖ਼ਤਮ ਕਰਕੇ ਕੰਮ 'ਤੇ ਪਰਤਣ ਦੀ ਅਪੀਲ ਕਰਦਾ ਹਾਂ। ਅਜਿਹੇ ਮੁੱਦਿਆਂ ਕਰਕੇ ਪੰਜਾਬ ਦੇ ਲੋਕਾਂ ਨੂੰ ਕੋਈ ਵੀ ਮੁਸ਼ਕਲ ਨਹੀਂ ਆਉਣੀ ਚਾਹੀਦੀ, ਜਿਨ੍ਹਾਂ ਦਾ ਹੱਲ ਗੱਲਬਾਤ ਰਾਹੀਂ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਚਾਹੀਦਾ ਹੈ। ਅਸੀਂ ਆਪਣੇ ਮੁਲਾਜ਼ਮਾਂ ਨਾਲ ਬੈਠਣ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਅੱਗੇ ਵਧਣ ਲਈ ਇੱਕ ਰਚਨਾਤਮਕ ਰਸਤਾ ਲੱਭਣ ਲਈ ਤਿਆਰ ਹਾਂ।"ਅਮਨ ਅਰੋੜਾ ਨੇ ਕਿਹਾ ਕਿ ਸਰਕਾਰ ਪਹਿਲਾਂ ਹੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਠੋਸ ਕਦਮ ਚੁੱਕ ਚੁੱਕੀ ਹੈ। ਉਨ੍ਹਾਂ ਦੱਸਿਆ, "17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਲਗਭਗ 85,000 ਮੁਲਾਜ਼ਮਾਂ ਲਈ, ਅਸੀਂ ਪਹਿਲਾਂ ਹੀ 60% ਡੀਏ ਦੇਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਉਨ੍ਹਾਂ ਦਾ ਡੀਏ ਕੇਂਦਰ ਸਰਕਾਰ ਦੀ ਦਰ ਦੇ ਬਰਾਬਰ ਹੋ ਗਿਆ ਹੈ।"ਮੰਤਰੀ ਨੇ ਕਿਹਾ ਕਿ ਡੀਏ ਅਤੇ ਏਰੀਅਰ ਦਾ ਵੱਡਾ ਮੁੱਦਾ ਪਹਿਲਾਂ ਹੀ ਮਾਨਯੋਗ ਸੁਪਰੀਮ ਕੋਰਟ ਦੇ ਵਿਚਾਰਧੀਨ ਹੈ ਅਤੇ ਸਰਕਾਰ ਦੇਸ਼ ਦੀ ਇਸ ਸਰਵਉੱਚ ਅਦਾਲਤ ਦੇ ਫੈਸਲੇ ਦਾ ਪੂਰਾ ਸਤਿਕਾਰ ਕਰੇਗੀ। ਉਨ੍ਹਾਂ ਕਿਹਾ, "ਇਹ ਮਾਮਲਾ ਸੁਪਰੀਮ ਕੋਰਟ ਵਿੱਚ ਹੈ ਅਤੇ ਅਸੀਂ ਅਦਾਲਤ ਦੇ ਫੈਸਲੇ ਦਾ ਪਾਲਣ ਕਰਾਂਗੇ। ਇਸ ਦੇ ਨਾਲ ਹੀ ਸਾਡੇ ਮੁਲਾਜ਼ਮਾਂ ਨਾਲ ਗੱਲਬਾਤ ਲਈ ਸਾਡੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਸਾਡਾ ਮੰਨਣਾ ਹੈ ਕਿ ਆਪਸੀ ਸਮਝਦਾਰੀ ਨਾਲ ਹਰ ਵਾਜਬ ਮੁੱਦੇ ਦਾ ਹੱਲ ਕੱਢਿਆ ਜਾ ਸਕਦਾ ਹੈ।"ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਰਾਜ ਦੇ ਪ੍ਰਸ਼ਾਸਨ ਅਤੇ ਵਿਕਾਸ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਕਿਹਾ, "ਅਸੀਂ ਆਪਣੇ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਯੋਗਦਾਨ ਦਾ ਬੇਹੱਦ ਸਤਿਕਾਰ ਕਰਦੇ ਹਾਂ। ਸਰਕਾਰ ਅਤੇ ਉਸ ਦੇ ਮੁਲਾਜ਼ਮ ਇੱਕੋ ਪਾਸੇ ਹਨ। ਸਾਡੀ ਸਾਂਝੀ ਜ਼ਿੰਮੇਵਾਰੀ ਪੰਜਾਬ ਅਤੇ ਇਸ ਦੇ ਲੋਕਾਂ ਦੀ ਸੇਵਾ ਕਰਨਾ ਹੈ, ਅਤੇ ਮੈਨੂੰ ਪੂਰਾ ਭਰੋਸਾ ਹੈ ਕਿ ਅਸੀਂ ਮਿਲ ਕੇ ਪੰਜਾਬ ਦੇ ਲੋਕਾਂ ਨੂੰ ਬਿਨਾਂ ਕਿਸੇ ਪਰੇਸ਼ਾਨੀ ਦੇ, ਬਾਕੀ ਰਹਿੰਦੇ ਮੁੱਦਿਆਂ ਨੂੰ ਸੁਲਝਾ ਲਵਾਂਗੇ।"

# ਕੀ ਟਰੰਪ, ਪੁਤਿਨ ਅਤੇ ਸ਼ੀ ਜਿਨਪਿੰਗ ਇੱਕੋ ਮੇਜ਼ 'ਤੇ ਬੈਠਣਗੇ?

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਵਿਸ਼ਵ ਰਾਜਨੀਤੀ ਵਿਚ ਇੱਕ ਵੱਡੀ ਤਿੰਨ-ਪੱਖੀ ਕੂਟਨੀਤਕ ਮੁਲਾਕਾਤ ਦੀ ਸੰਭਾਵਨਾ ਬਣਦੀ ਦਿਖਾਈ ਦੇ ਰਹੀ ਹੈ। ਰੂਸ ਨੇ ਕਿਹਾ ਹੈ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਮੁਲਾਕਾਤ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਗਿਆ। ਰੂਸ ਦੇ ਉਪ ਵਿਦੇਸ਼ ਮੰਤਰੀ ਸਰਗੇਈ ਰਿਆਬਕੋਵ ਨੇ 6 ਸਤੰਬਰ ਨੂੰ ਕਿਹਾ ਕਿ ਅਜਿਹੀ ਮੀਟਿੰਗ ਦੀ ਰਸਮੀ ਤਿਆਰੀ ਕਰਨ ਤੋਂ ਪਹਿਲਾਂ ਇਸਦਾ ਏਜੰਡਾ ਅਤੇ ਸੰਭਾਵੀ ਨਤੀਜੇ ਤੈਅ ਕਰਨੇ ਲਾਜ਼ਮੀ ਹੋਣਗੇ।ਇਸ ਤੋਂ ਪਹਿਲਾਂ ਕ੍ਰੈਮਲਿਨ ਦੇ ਸੀਨੀਅਰ ਸਹਾਇਕ ਯੂਰੀ ਉਸ਼ਾਕੋਵ ਨੇ ਸੰਕੇਤ ਦਿੱਤਾ ਸੀ ਕਿ ਨਵੰਬਰ ਵਿਚ ਚੀਨ ਦੇ ਸ਼ੇਨਜ਼ੇਨ ਵਿਚ ਹੋਣ ਵਾਲੇ ਏਸ਼ੀਆ-ਪੈਸਿਫਿਕ ਆਰਥਿਕ ਸਹਿਯੋਗ ਸਿਖਰ ਸੰਮੇਲਨ ਦੌਰਾਨ ਤਿੰਨਾਂ ਨੇਤਾਵਾਂ ਦੀ ਮੀਟਿੰਗ ਹੋ ਸਕਦੀ ਹੈ। ਅਪੈਕ ਸਿਖਰ ਸੰਮੇਲਨ 18 ਅਤੇ 19 ਨਵੰਬਰ ਨੂੰ ਹੋਣਾ ਹੈ। ਰੂਸ ਦਾ ਕਹਿਣਾ ਹੈ ਕਿ ਅਜਿਹੀ ਮੀਟਿੰਗ ਲਾਭਦਾਇਕ ਹੋ ਸਕਦੀ ਹੈ, ਪਰ ਇਸ ਲਈ ਕਾਫ਼ੀ ਪਹਿਲਾਂ ਕੂਟਨੀਤਕ ਤਿਆਰੀ ਅਤੇ ਮੇਜ਼ਬਾਨ ਚੀਨ ਨਾਲ ਸਹਿਮਤੀ ਦੀ ਲੋੜ ਹੋਵੇਗੀ।ਰੂਸ ਪੁਤਿਨ ਅਤੇ ਸ਼ੀ ਜਿਨਪਿੰਗ ਦੀ ਵੱਖਰੀ ਦੋ-ਪੱਖੀ ਮੀਟਿੰਗ ਦੀ ਵੀ ਤਿਆਰੀ ਕਰ ਰਿਹਾ ਹੈ। ਇਸੇ ਤਰ੍ਹਾਂ ਜੇ ਹਾਲਾਤ ਬਣਦੇ ਹਨ, ਤਾਂ ਪੁਤਿਨ ਅਤੇ ਟਰੰਪ ਵਿਚਾਲੇ ਵੀ ਵੱਖਰੀ ਮੁਲਾਕਾਤ ਹੋ ਸਕਦੀ ਹੈ।ਜੇ ਤਿੰਨੋਂ ਨੇਤਾ ਇੱਕੋ ਮੇਜ਼ ਉੱਤੇ ਬੈਠਦੇ ਹਨ, ਤਾਂ ਯੂਕਰੇਨ ਯੁੱਧ, ਅਮਰੀਕਾ-ਚੀਨ ਵਪਾਰਕ ਤਣਾਅ, ਇਰਾਨ, ਵਿਸ਼ਵ ਸੁਰੱਖਿਆ ਅਤੇ ਅੰਤਰਰਾਸ਼ਟਰੀ ਵਪਾਰ ਵਰਗੇ ਵੱਡੇ ਮੁੱਦੇ ਚਰਚਾ ਵਿਚ ਆ ਸਕਦੇ ਹਨ। ਪਰ ਇਸ ਵੇਲੇ ਕਿਸੇ ਸਾਂਝੇ ਏਜੰਡੇ ਦੀ ਅਧਿਕਾਰਤ ਪੁਸ਼ਟੀ ਨਹੀਂ ਹੋਈ।ਵ੍ਹਾਈਟ ਹਾਊਸ ਨੇ ਅਜੇ ਤੱਕ ਟਰੰਪ ਦੀ APEC ਹਾਜ਼ਰੀ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ। ਇਸ ਲਈ ਇਸ ਤਿੰਨ-ਪੱਖੀ ਮੀਟਿੰਗ ਨੂੰ ਤੈਅ ਹੋਈ ਮੁਲਾਕਾਤ ਨਹੀਂ, ਸਗੋਂ ਇੱਕ ਗੰਭੀਰ ਕੂਟਨੀਤਕ ਸੰਭਾਵਨਾ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ।




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

IN LOVING MEMORY OF

# RAVINDER SINGH RANDHAWA



*March 6, 1960 - August 31, 2026*

Memorial Service

**Wednesday, September 9, 2026**
**10am-12pm**

Sunset View Cemetery
101 Colusa Ave
El Cerrito CA, 94530

**Sehaj Path Bhog & Langar will follow**

Randhawa Residence
1153 Stirling Drive
Rodeo CA, 94572

*For further information, please contact:*

Gurdeep Kaur 510-260-4009 | Rajinder Singh 510-224-7871


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਛੇਵਾਂ ਡਾ. ਦਰਿਆ ਯਾਦਗਾਰੀ ਸਨਮਾਨ ਸਮਾਰੋਹ ਕਰਵਾਇਆ ਗਿਆ

ਜਲੰਧਰ
ਸਾਂਝੀ ਸੋਚ ਬਿਊਰੋ

ਡਾ. ਦਰਿਆ ਲੋਕਧਾਰਾ ਅਤੇ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਸਲਾਨਾ ਛੇਵਾਂ ਡਾ. ਦਰਿਆ ਯਾਦਗਾਰੀ ਸਨਮਾਨ ਸਮਾਰੋਹ ਵਿਰਸਾ ਵਿਹਾਰ, ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਸਮਾਜ ਸੇਵੀ ਸਤਬੀਰ ਸਿੰਘ, ਕੈਪਟਨ ਸੰਜੀਵ ਸ਼ਰਮਾ, ਬਲਕਾਰ ਸਿੰਘ, ਸਾਬਕਾ ਪ੍ਰੋਡਿਊਸਰ ਦੂਰਦਰਸ਼ਨ ਕੇਂਦਰ ਜਲੰਧਰ, ਸ਼ਾਮਲ ਹੋਏ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸ਼ਖ਼ਸੀਅਤਾਂ ਵਿੱਚ ਮਾਤਾ ਜਗੀਰ ਕੌਰ ਮੀਰਾਕੋਟ, ਅਰਵਿੰਦਰ ਸਿੰਘ ਭੱਟੀ, ਜ਼ਿਲ੍ਹਾ ਸਿੱਖਿਆ ਅਫ਼ਸਰ ਰਜੇਸ਼ ਸ਼ਰਮਾ, ਪ੍ਰਸਿੱਧ ਹਾਸਰਸ ਕਲਾਕਾਰ ਸੁਰਿੰਦਰ ਫ਼ਰਿਸ਼ਤਾ ਉਰਫ਼ ਘੁੱਲ੍ਹੇਸ਼ਾਹ, ਡਾ. ਵਿਕਰਮਜੀਤ, ਡਾ. ਗੁਰਪ੍ਰੀਤ ਸਿੰਘ ਸਿੱਧੂ, ਪ੍ਰੋ. ਹੀਰਾ ਸਿੰਘ, ਸੂਰਜ ਪ੍ਰਕਾਸ਼, ਕਮਲਜੀਤ ਕੌਰ ਰੀਵਾ ਆਦਿ ਸ਼ਾਮਲ ਸਨ। ਸਤਬੀਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਦਰਿਆ ਦੀਆਂ ਅਕਾਦਮਿਕ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਵੱਲੋਂ ਪੰਜਾਬੀ ਲੋਕਧਾਰਾ ਨੂੰ ਦਿੱਤੇ ਯੋਗਦਾਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਪੰਜਾਬੀ ਵਿਰਾਸਤ ਨੂੰ ਸੰਭਾਲਣ ਹਿੱਤ ਵੀ ਯਤਨ ਕਰਨ ਦਾ ਸੱਦਾ ਦਿੱਤਾ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਾਰੇ ਬੁਲਾਰਿਆਂ ਨੇ ਡਾ. ਦਰਿਆ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਪੰਜਾਬੀ ਸਾਹਿਤ ਅਤੇ ਲੋਕਧਾਰਾ ਵਿੱਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਬਾਰੇ ਭਰਪੂਰ ਚਰਚਾ ਕੀਤੀ। ਡਾ. ਸਾਹਿਬ ਸਿੰਘ ਨੇ ਵੀ ਡਾ. ਦਰਿਆ ਨਾਲ ਜੁੜੀਆਂ ਆਪਣੀਆਂ ਯਾਦਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਪੰਜਵਾਂ ਡਾ. ਦਰਿਆ ਯਾਦਗਾਰੀ ਸਨਮਾਨ ਪ੍ਰਸਿੱਧ ਕਹਾਣੀਕਾਰ, ਕਵੀ ਅਤੇ ਪੰਜਾਬੀ ਮਿੰਨੀ ਕਹਾਣੀ ਦੇ ਮੋਢੀ ਹਰਭਜਨ ਸਿੰਘ ਖੇਮਕਰਨੀ ਨੂੰ ਪ੍ਰਦਾਨ ਕੀਤਾ ਗਿਆ। ਇਸ ਮੌਕੇ ਅਧਿਆਪਨ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਪਰਵਿੰਦਰ ਸਿੰਘ ਮੂਧਲ, ਹਰਿੰਦਰ ਕੌਰ ਨਾਗ ਕਲਾਂ, ਸੁਨੀਲ ਕੁਮਾਰ ਬਟਾਲਾ, ਕੰਵਰਦੀਪ ਸਿੰਘ ਕਪੂਰਥਲਾ, ਜਰਨੈਲ ਸਿੰਘ ਅਜਨਾਲਾ, ਨਵਦੀਪ ਸਿੰਘ ਰੰਧਾਵਾ ਅਤੇ ਅਵਤਾਰ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਅੱਖਰ' ਮੈਗਜ਼ੀਨ ਦਾ ਨਵਾਂ ਅੰਕ ਵੀ ਜਾਰੀ ਕੀਤਾ ਗਿਆ। ਇਸ ਸਮਾਰੋਹ ਵਿੱਚ ਆਏ ਹੋਏ ਮਹਿਮਾਨਾਂ ਦਾ ਸਵਾਗਤ ਡਾ. ਸੰਤਸੇਵਕ ਸਿੰਘ ਸਰਕਾਰੀਆ ਨੇ ਕੀਤਾ, ਜਦਕਿ ਧੰਨਵਾਦ ਕਰਨ ਦੀ ਜ਼ਿੰਮੇਵਾਰੀ ਡਾ. ਦਰਿਆ ਦੀ ਪਤਨੀ ਕਮਲਜੀਤ ਕੌਰ ਰੀਵਾ ਨੇ ਨਿਭਾਈ। ਇਸ ਸਮਾਗਮ ਦਾ ਮੰਚ ਸੰਚਾਲਨ ਡਾ. ਹਰਿੰਦਰ ਸਿੰਘ ਨੇ ਬਾਖ਼ੂਬੀ ਕੀਤਾ। ਇਸ ਮੌਕੇ ਡਾ. ਸਰਦਾਰਾ ਸਿੰਘ, ਡਾ. ਗੁਰਪ੍ਰਤਾਪ ਸਿੰਘ, ਡਾ. ਰਜਨੀ, ਲਹਿਰ, ਇਰਾ, ਪ੍ਰੋ. ਬਲਵਿੰਦਰ ਕੌਰ, ਡਾ. ਗੁਰਮੇਲ ਸਿੰਘ, ਡਾ. ਸੁਖਦੇਵ ਸਿੰਘ, ਡਾ. ਗੁਰਵੰਤ ਸਿੰਘ, ਧਰਮਿੰਦਰ ਔਲਖ, ਸੁਖਬੀਰ ਭੋਮਾ, ਗੋਕਲ ਚੰਦ ਆਦਿ ਹਾਜ਼ਿਰ ਸਨ।

























# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



# CAPITAL DRUG TESTING

Capital DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

WE HAVE THE CHEAPEST FARES TO INDIA

# LEGEND TRAVEL



JATINDER SINGH

arc
accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।


CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


Pal Films
Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਪੰਜਾਬ ਦੀਆਂ ਬੱਸਾਂ ਦਾ ਖ਼ੌਫ਼ਨਾਕ ਸੱਚ ਸਫ਼ਰ ਜਾਂ ਮੌਤ ਨਾਲ ਹਰ ਰੋਜ਼ ਦਾ ਸਮਝੌਤਾ?

ਪੰਜਾਬ ਦੇ ਹਰ ਇੱਕ ਛੋਟੇ-ਵੱਡੇ ਰੂਟ ਉੱਤੇ ਚੱਲਣ ਵਾਲੀਆਂ ਬੱਸਾਂ ਦਾ ਹਾਲ ਅੱਜ ਇੱਕੋ ਜਿਹਾ ਹੋ ਚੁੱਕਾ ਹੈ। ਭਾਵੇਂ ਸਰਕਾਰੀ ਬੱਸਾਂ ਹੋਣ ਜਾਂ ਪ੍ਰਾਈਵੇਟ, ਹਰ ਪਾਸੇ ਮੁਸਾਫ਼ਰਾਂ ਦੀ ਜਾਨ ਨੂੰ ਹਥੇਲੀ 'ਤੇ ਰੱਖ ਕੇ ਸਫ਼ਰ ਕਰਵਾਇਆ ਜਾ ਰਿਹਾ ਹੈ। ਰੋਜ਼ਾਨਾ ਲੱਖਾਂ ਲੋਕ ਆਪਣੀ ਮਜਬੂਰੀ ਖ਼ਾਤਰ ਇਹਨਾਂ ਬੱਸਾਂ ਵਿੱਚ ਚੜ੍ਹਦੇ ਹਨ, ਪਰ ਬੱਸ ਅੰਦਰ ਪੈਰ ਧਰਦਿਆਂ ਹੀ ਡਰ ਦਾ ਮਾਹੌਲ ਸ਼ੁਰੂ ਹੋ ਜਾਂਦਾ ਹੈ। ਮੁਸਾਫ਼ਰਾਂ ਦੀ ਸੁਰੱਖਿਆ ਨਾ ਤਾਂ ਬੱਸ ਮਾਲਕਾਂ ਲਈ ਕੋਈ ਮਾਇਨੇ ਰੱਖਦੀ ਹੈ ਅਤੇ ਨਾ ਹੀ ਡਰਾਈਵਰਾਂ-ਕੰਡਕਟਰਾਂ ਲਈ। ਪੰਜਾਬ ਦੀਆਂ ਸੜਕਾਂ 'ਤੇ ਦੌੜਦੀਆਂ ਇਹ ਬੱਸਾਂ ਇੱਕ ਸੁਵਿਧਾ ਘੱਟ ਅਤੇ ਚੱਲਦੀਆਂ-ਫਿਰਦੀਆਂ ਮੌਤ ਦੀਆਂ ਗੱਡੀਆਂ ਜ਼ਿਆਦਾ ਨਜ਼ਰ ਆਉਂਦੀਆਂ ਹਨ।

ਇਹਨਾਂ ਬੱਸਾਂ ਦੇ ਡਰਾਈਵਰਾਂ ਵਿੱਚ ਆਪਣੇ 'ਟਾਈਮ ਪੁਗਾਉਣ' ਅਤੇ ਅਗਲੀ ਬੱਸ ਤੋਂ ਪਹਿਲਾਂ ਸਟੈਂਡ 'ਤੇ ਪਹੁੰਚਣ ਦੀ ਅਜਿਹੀ ਅੰਨ੍ਹੀ ਦੌੜ ਲੱਗੀ ਹੁੰਦੀ ਹੈ ਕਿ ਉਹਨਾਂ ਨੂੰ ਸੜਕ ਉੱਤੇ ਬੰਦੇ ਅਤੇ ਵਾਹਨ ਦਿਖਾਈ ਹੀ ਨਹੀਂ ਦਿੰਦੇ। ਬੱਸ ਨੂੰ ਬੇਲਗਾਮ ਰਫ਼ਤਾਰ 'ਤੇ ਚਲਾਉਣਾ ਅਤੇ ਖ਼ਤਰਨਾਕ ਕੱਟ ਮਾਰਨਾ ਹੁਣ ਰੋਜ਼ ਦਾ ਕੰਮ ਬਣ ਚੁੱਕਾ ਹੈ। ਸੜਕ ਉੱਤੇ ਚਾਹੇ ਕਿੰਨੇ ਵੀ ਡੂੰਘੇ ਟੋਏ ਹੋਣ ਜਾਂ ਉੱਚੇ ਸਪੀਡ ਬ੍ਰੇਕਰ, ਡਰਾਈਵਰ ਰੇਸ ਤੋਂ ਪੈਰ ਉੱਕਾ ਹੀ ਨਹੀਂ ਚੁੱਕਦੇ। ਬੱਸ ਅੰਦਰ ਬੈਠੀਆਂ ਸਵਾਰੀਆਂ ਝਟਕੇ ਖਾ-ਖਾ ਕੇ ਦੋਹਰੀਆਂ ਹੁੰਦੀਆਂ ਰਹਿੰਦੀਆਂ ਹਨ, ਕਈ ਵਾਰ ਤਾਂ ਲੋਕਾਂ ਦੇ ਸਿਰ ਅਤੇ ਪਿੱਠ 'ਤੇ ਗੰਭੀਰ ਸੱਟਾਂ ਵੀ ਲੱਗ ਜਾਂਦੀਆਂ ਹਨ, ਪਰ ਡਰਾਈਵਰਾਂ ਨੂੰ ਸਿਰਫ਼ ਆਪਣੇ ਟਾਈਮ ਦੀ ਪਰਵਾਹ ਹੁੰਦੀ ਹੈ।

ਸੁਰੱਖਿਆ ਦੇ ਨਾਂ 'ਤੇ ਬੱਸਾਂ ਅੰਦਰ ਕੀਤਾ ਗਿਆ ਡਰਾਮਾ ਹੋਰ ਵੀ ਖ਼ੌਫ਼ਨਾਕ ਹੈ। ਸਰਕਾਰਾਂ ਵੱਲੋਂ ਔਰਤਾਂ ਅਤੇ ਸਵਾਰੀਆਂ ਦੀ ਸੁਰੱਖਿਆ ਲਈ ਬੱਸਾਂ ਵਿੱਚ ਐਮਰਜੈਂਸੀ ਬਟਨ ਲਗਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਜ਼ਿਆਦਾਤਰ ਬੱਸਾਂ ਵਿੱਚ ਇਹਨਾਂ ਬਟਨਾਂ ਦੀਆਂ ਤਾਰਾਂ ਹੀ ਪੂਰੀ ਤਰ੍ਹਾਂ ਕੱਟੀਆਂ-ਟੁੱਟੀਆਂ ਪਈਆਂ ਹਨ। ਇਸੇ ਤਰ੍ਹਾਂ ਐਮਰਜੈਂਸੀ ਦਰਵਾਜ਼ਿਆਂ ਦਾ ਹਾਲ ਹੈ, ਜਿੱਥੇ ਵਾਧੂ ਸਵਾਰੀਆਂ ਬਿਠਾ ਕੇ ਪੈਸੇ ਕਮਾਉਣ ਦੇ ਲਾਲਚ ਵਿੱਚ ਐਮਰਜੈਂਸੀ ਦਰਵਾਜ਼ੇ ਦੇ ਬਿਲਕੁਲ ਅੱਗੇ ਹੀ ਪੱਕੀਆਂ ਸੀਟਾਂ ਜੜ ਦਿੱਤੀਆਂ ਗਈਆਂ ਹਨ। ਸਾਲਾਂ ਤੋਂ ਨਾ ਖੋਲ੍ਹੇ ਜਾਣ ਕਰਕੇ ਇਹ ਦਰਵਾਜ਼ੇ ਜੰਗਾਲ ਨਾਲ ਪੂਰੀ ਤਰ੍ਹਾਂ ਜਾਮ ਹੋ ਚੁੱਕੇ ਹਨ। ਜੇਕਰ ਪਰਮਾਤਮਾ ਨਾ ਕਰੇ ਬੱਸ ਨੂੰ ਅੱਗ ਲੱਗ ਜਾਵੇ ਜਾਂ ਕੋਈ ਭਿਆਨਕ ਹਾਦਸਾ ਵਾਪਰ ਜਾਵੇ, ਤਾਂ ਸਵਾਰੀਆਂ ਕੋਲ ਬੱਸ ਵਿੱਚੋਂ ਬਾਹਰ ਨਿਕਲਣ ਦਾ ਕੋਈ ਵੀ ਰਸਤਾ ਨਹੀਂ ਬਚੇਗਾ।

ਇਸ ਤੋਂ ਵੀ ਵੱਡੀ ਲਾਪਰਵਾਹੀ ਸਰਕਾਰੀ ਬੱਸਾਂ ਵਿੱਚ ਲੱਗੇ ਸੀਸੀਟੀਵੀ (ਛਛਠੜ) ਕੈਮਰਿਆਂ ਦੀ ਹੈ। ਸਰਕਾਰ ਨੇ ਔਰਤਾਂ ਦੀ ਸੁਰੱਖਿਆ ਦਾ ਢਿੰਡੋਰਾ ਪਿੱਟ ਕੇ ਬੱਸਾਂ ਵਿੱਚ ਕੈਮਰੇ ਤਾਂ ਲਗਾ ਦਿੱਤੇ, ਪਰ ਅੱਜ ਇਹ ਕੈਮਰੇ ਸਿਰਫ਼ ਦਿਖਾਵੇ ਦੇ ਸ਼ੋਅਪੀਸ ਬਣ ਕੇ ਰਹਿ ਗਏ ਹਨ। ਜ਼ਿਆਦਾਤਰ ਬੱਸਾਂ ਵਿੱਚ ਕੈਮਰਿਆਂ ਦੀਆਂ ਤਾਰਾਂ ਹੀ ਲਹਿ ਚੁੱਕੀਆਂ ਹਨ ਅਤੇ ਇਹ ਪੂਰੀ ਤਰ੍ਹਾਂ ਬੰਦ ਪਏ ਹਨ। ਅੱਜ-ਕੱਲ੍ਹ ਕੰਮਕਾਜੀ ਔਰਤਾਂ, ਸਕੂਲ-ਕਾਲਜ ਜਾਣ ਵਾਲੀਆਂ ਵਿਦਿਆਰਥਣਾਂ ਅਤੇ ਧੀਆਂ-ਭੈਣਾਂ ਆਪਣੇ ਕੰਮਕਾਜ ਜਾਂ ਪੜ੍ਹਾਈ ਤੋਂ ਲੇਟ ਰਾਤ ਤੱਕ ਘਰਾਂ ਨੂੰ ਪਰਤਣ ਲਈ ਇਹਨਾਂ ਬੱਸਾਂ ਉੱਤੇ ਨਿਰਭਰ ਹੁੰਦੀਆਂ ਹਨ। ਅਜਿਹੇ ਮਾਹੌਲ ਵਿੱਚ ਇਹਨਾਂ ਕੈਮਰਿਆਂ ਦਾ ਚਾਲੂ ਹਾਲਤ ਵਿੱਚ ਹੋਣਾ ਅਤਿ ਜ਼ਰੂਰੀ ਹੈ ਤਾਂ ਜੋ ਕੋਈ ਸ਼ਰਾਰਤੀ ਅਨਸਰ ਗਲਤ ਹਰਕਤ ਕਰਨ ਤੋਂ ਡਰੇ। ਪਰ ਪ੍ਰਸ਼ਾਸਨ ਦੀ ਇਸ ਅਣਦੇਖੀ ਕਰਕੇ ਰਾਤ ਵੇਲੇ ਸਫ਼ਰ ਕਰਨ ਵਾਲੀਆਂ ਧੀਆਂ-ਭੈਣਾਂ ਦੀ ਸੁਰੱਖਿਆ ਵੱਡਾ ਸਵਾਲੀਆ ਨਿਸ਼ਾਨ ਬਣੀ ਹੋਈ ਹੈ।

ਇਹਨਾਂ ਖ਼ਾਮੀਆਂ ਤੋਂ ਵੀ ਅੱਗੇ ਵੱਧ ਕੇ, ਬੱਸਾਂ ਵਿੱਚ ਮੁਢਲੀ ਸੁਰੱਖਿਆ ਲਈ ਲੋੜੀਂਦੇ ਫਾਇਰ ਐਕਸਟਿੰਗੁਇਸ਼ਰ (ਅੱਗ ਬੁਝਾਊ ਯੰਤਰ) ਅਤੇ ਫਸਟ ਏਡ ਮੈਡੀਕਲ ਕਿੱਟਾਂ ਦਾ ਬਿਲਕੁਲ ਨਾ ਹੋਣਾ ਇੱਕ ਬਹੁਤ ਹੀ ਚਿੰਤਾਜਨਕ ਮੁੱਦਾ ਹੈ। ਜੇਕਰ ਚੱਲਦੀ ਬੱਸ ਵਿੱਚ ਅਚਾਨਕ ਅੱਗ ਲੱਗ ਜਾਵੇ ਜਾਂ ਕੋਈ ਮਾਮੂਲੀ ਹਾਦਸਾ ਵਾਪਰ ਜਾਵੇ, ਤਾਂ ਮੌਕੇ 'ਤੇ ਅੱਗ ਬੁਝਾਉਣ ਜਾਂ ਜ਼ਖ਼ਮੀ ਸਵਾਰੀਆਂ ਨੂੰ ਮੁਢਲੀ ਡਾਕਟਰੀ ਸਹਾਇਤਾ ਦੇਣ ਲਈ ਬੱਸ ਅੰਦਰ ਕੁਝ ਵੀ ਮੌਜੂਦ ਨਹੀਂ ਹੁੰਦਾ। ਅੱਗ ਬੁਝਾਊ ਸਿਲੰਡਰ ਜਾਂ ਤਾਂ ਗਾਇਬ ਹੁੰਦੇ ਹਨ ਜਾਂ ਫਿਰ ਉਹ ਸਾਲਾਂ ਤੋਂ ਐਕਸਪਾਇਰੀ ਡੇਟ ਲੰਘ ਚੁੱਕੇ ਖਾਲੀ ਡੱਬੇ ਬਣ ਕੇ ਧੂੜ ਚੱਟ ਰਹੇ ਹੁੰਦੇ ਹਨ। ਮੈਡੀਕਲ ਕਿੱਟਾਂ ਦੇ ਨਾਂ 'ਤੇ ਸਿਰਫ਼ ਖਾਲੀ ਪਲਾਸਟਿਕ ਦੇ ਡੱਬੇ ਰੱਖੇ ਹੁੰਦੇ ਹਨ, ਜਿਸ ਕਰਕੇ ਹਾਦਸੇ ਸਮੇਂ ਸਹੀ ਇਲਾਜ ਨਾ ਮਿਲਣ ਕਰਕੇ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ।

ਬੱਸਾਂ ਵਿੱਚ ਸਵਾਰੀਆਂ ਨੂੰ ਇਨਸਾਨ ਸਮਝਣ ਦੀ ਬਜਾਏ, ਬੇਜਾਨ ਸਮਾਨ ਵਾਂਗ ਇੱਕ-ਦੂਜੇ ਉੱਪਰ ਠੋਸ-ਠੋਸ ਕੇ ਭਰਿਆ ਜਾਂਦਾ ਹੈ। ਪੰਜਾਹ ਸੀਟਾਂ ਵਾਲੀ ਬੱਸ ਵਿੱਚ ਸੌ-ਡੇਢ ਸੌ ਸਵਾਰੀਆਂ ਚਾੜ੍ਹ ਦਿੱਤੀਆਂ ਜਾਂਦੀਆਂ ਹਨ। ਹਰ ਮੋੜ ਅਤੇ ਅੱਡੇ 'ਤੇ ਬੱਸ ਰੋਕ ਕੇ ਸਵਾਰੀਆਂ ਲੱਦੀਆਂ ਜਾਂਦੀਆਂ ਹਨ, ਜਿਸ ਨਾਲ ਬੱਸ ਅੰਦਰ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਗਰਮੀ ਦੇ ਦਿਨਾਂ ਵਿੱਚ ਤਾਂ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਦਾ ਘੁਟਣ ਨਾਲ ਦਮ ਨਿਕਲਣ ਵਾਲਾ ਹੋ ਜਾਂਦਾ ਹੈ। ਜਦੋਂ ਅੰਦਰ ਖੜ੍ਹਨ ਲਈ ਵੀ ਥਾਂ ਨਹੀਂ ਬਚਦੀ, ਤਾਂ ਲੋਕ ਦਰਵਾਜ਼ਿਆਂ 'ਤੇ ਇੱਕ ਪੈਰ 'ਤੇ ਖੜ੍ਹ ਕੇ ਜਾਂ ਖਿੜਕੀਆਂ (ਬਾਰੀਆਂ) ਨਾਲ ਲਮਕ ਕੇ ਸਫ਼ਰ ਕਰਨ ਲਈ ਮਜਬੂਰ ਹੁੰਦੇ ਹਨ। ਥੋੜ੍ਹਾ ਜਿਹਾ ਝਟਕਾ ਲੱਗਣ 'ਤੇ ਵੀ ਕੋਈ ਵੀ ਸਵਾਰੀ ਹੇਠਾਂ ਡਿੱਗ ਕੇ ਆਪਣੀ ਜਾਨ ਗੁਆ ਸਕਦੀ ਹੈ।

ਇਹ ਸਭ ਕੁਝ ਟ੍ਰੈਫਿਕ ਪੁਲਿਸ, ਆਰ.ਟੀ.ਓ. ਅਤੇ ਪ੍ਰਸ਼ਾਸਨ ਦੀਆਂ ਅੱਖਾਂ ਸਾਹਮਣੇ ਹੁੰਦਾ ਹੈ। ਨਾਕੇ ਲਗਾ ਕੇ ਖੜ੍ਹੇ ਅਧਿਕਾਰੀ ਇਹਨਾਂ ਓਵਰਲੋਡ ਅਤੇ ਬੇਲਗਾਮ ਭੱਜਦੀਆਂ ਬੱਸਾਂ ਨੂੰ ਦੇਖ ਕੇ ਵੀ ਅੱਖਾਂ ਮੀਚ ਲੈਂਦੇ ਹਨ। ਕਾਗਜ਼ਾਂ ਵਿੱਚ ਬੱਸਾਂ ਨੂੰ ਬਿਨਾਂ ਜਾਂਚ ਕੀਤੇ 'ਫਿਟਨੈਸ ਸਰਟੀਫਿਕੇਟ' ਵੰਡ ਦਿੱਤੇ ਜਾਂਦੇ ਹਨ, ਜਦਕਿ ਨਾ ਤਾਂ ਬ੍ਰੇਕਾਂ ਚੈੱਕ ਹੁੰਦੀਆਂ ਹਨ, ਨਾ ਸੀਸੀਟੀਵੀ ਕੈਮਰੇ, ਨਾ ਫਾਇਰ ਐਕਸਟਿੰਗੁਇਸ਼ਰ ਅਤੇ ਨਾ ਹੀ ਐਮਰਜੈਂਸੀ ਦਰਵਾਜ਼ੇ। ਕਮਾਈ ਅਤੇ ਸਮੇਂ ਦੀ ਹਵਸ ਵਿੱਚ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਇਹ ਖਿਲਵਾੜ ਬਹੁਤ ਵੱਡਾ ਪਾਪ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਬੱਸਾਂ ਦੇ ਟਾਈਮ-ਟੇਬਲ ਪ੍ਰਣਾਲੀ ਵਿੱਚ ਸੁਧਾਰ ਕਰੇ, ਓਵਰਲੋਡਿੰਗ 'ਤੇ ਭਾਰੀ ਜੁਰਮਾਨੇ ਲਗਾਏ ਅਤੇ ਹਰ ਬੱਸ ਦੇ ਐਮਰਜੈਂਸੀ ਪ੍ਰਬੰਧਾਂ ਸਮੇਤ ਸੀਸੀਟੀਵੀ ਕੈਮਰਿਆਂ ਨੂੰ ਲਾਜ਼ਮੀ ਤੌਰ 'ਤੇ ਚਾਲੂ ਹਾਲਤ ਵਿੱਚ ਰੱਖਣ ਦੇ ਸਖ਼ਤ ਹੁਕਮ ਜਾਰੀ ਕਰੇ।

SANJHI SOCH
ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਸ੍ਰੀ ਮੁਕਤਸਰ ਸਾਹਿਬ, ਪੰਜਾਬ
8427212104









web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


TAKE CONTROL
OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing, Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician**
**Since 1973**
**DHMS-Gold Medalist,**
**BAMS, MDEH**
**Ex-Prof, Principal &**
**CMO Medical**
**Colleges/Hospitals in**
**India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਮੀਂਹ, ਪ੍ਰੇਮ ਅਤੇ ਮੋਰ ਦੀਆਂ ਪੁਕਾਰਾਂ ਇੱਕ ਕੁਦਰਤੀ ਵਰਤਾਰੇ ਨੂੰ ਸਮਝਣਾ

ਭਾਰਤ ਵਿੱਚ ਜਦੋਂ ਤਪਦੀ ਗਰਮੀ ਤੋਂ ਬਾਅਦ ਆਸਮਾਨ 'ਤੇ ਕਾਲੇ ਬੱਦਲ ਛਾਉਣ ਲੱਗਦੇ ਹਨ, ਹਵਾ ਵਿੱਚ ਨਮੀ ਵਧ ਜਾਂਦੀ ਹੈ ਅਤੇ ਧਰਤੀ ਪਹਿਲੀ ਬਾਰਿਸ਼ ਦੀ ਉਡੀਕ ਕਰਦੀ ਹੈ, ਤਾਂ ਕੁਦਰਤ ਦਾ ਇੱਕ ਬੇਹੱਦ ਸੁੰਦਰ ਦ੍ਰਿਸ਼ ਦੇਖਣ ਨੂੰ ਮਿਲਦਾ ਹੈ—ਮੋਰ ਦਾ ਬੋਲਣਾ, ਨੱਚਣਾ ਅਤੇ ਆਪਣੇ ਸ਼ਾਨਦਾਰ ਪੰਖਾਂ ਨੂੰ ਫੈਲਾਉਣਾ। ਭਾਰਤੀ ਲੋਕ-ਸੱਭਿਆਚਾਰ ਵਿੱਚ ਮੋਰ ਨੂੰ ਲੰਮੇ ਸਮੇਂ ਤੋਂ ਮੀਂਹ ਦਾ ਸੰਦੇਸ਼ਵਾਹਕ ਮੰਨਿਆ ਜਾਂਦਾ ਰਿਹਾ ਹੈ। ਪਿੰਡਾਂ ਵਿੱਚ ਅੱਜ ਵੀ ਇਹ ਗੱਲ ਆਮ ਸੁਣਨ ਨੂੰ ਮਿਲਦੀ ਹੈ ਕਿ ਜਦੋਂ ਮੋਰ ਬੋਲਣ ਲੱਗੇ ਜਾਂ ਪੰਖ ਫੈਲਾ ਕੇ ਨੱਚੇ ਤਾਂ ਸਮਝੋ ਮੀਂਹ ਆਉਣ ਵਾਲਾ ਹੈ।

ਪਰ ਕੀ ਮੋਰ ਸੱਚਮੁੱਚ ਮੀਂਹ ਦੀ ਭਵਿੱਖਬਾਣੀ ਕਰ ਸਕਦਾ ਹੈ?

ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਸ ਦਾ ਜਵਾਬ ਸਿਰਫ਼ ਹਾਂ ਜਾਂ ਨਾਂਹ ਵਿੱਚ ਦੇਣਾ ਠੀਕ ਨਹੀਂ ਹੋਵੇਗਾ। ਮੋਰ ਕੋਲ ਮੌਸਮ ਵਿਭਾਗ ਵਾਂਗ ਮੀਂਹ ਦੀ ਭਵਿੱਖਬਾਣੀ ਕਰਨ ਦੀ ਕੋਈ ਵਿਸ਼ੇਸ਼ ਸਮਰੱਥਾ ਸਾਬਤ ਨਹੀਂ ਹੋਈ। ਪਰ ਮੀਂਹ ਅਤੇ ਮੋਰ ਦੇ ਵਿਹਾਰ ਵਿਚਕਾਰ ਇੱਕ ਅਸਲ ਕੁਦਰਤੀ ਸੰਬੰਧ ਜ਼ਰੂਰ ਦਿਖਾਈ ਦਿੰਦਾ ਹੈ। ਇਸ ਸੰਬੰਧ ਨੂੰ ਸਮਝਣ ਲਈ ਮੋਰ ਦੇ ਵਿਹਾਰ, ਉਸ ਦੇ ਪ੍ਰਜਨਨ ਚੱਕਰ ਅਤੇ ਮਾਨਸੂਨ ਦੌਰਾਨ ਵਾਤਾਵਰਣ ਵਿੱਚ ਹੋਣ ਵਾਲੀਆਂ ਤਬਦੀਲੀਆਂ ਨੂੰ ਸਮਝਣਾ ਜ਼ਰੂਰੀ ਹੈ।

ਮੋਰ ਅਤੇ ਮਾਨਸੂਨ ਦਾ ਗਹਿਰਾ ਸੰਬੰਧ

ਭਾਰਤੀ ਮੋਰ ਸਾਡੇ ਦੇਸ਼ ਦੇ ਕਈ ਖੇਤਰਾਂ ਵਿੱਚ ਪਾਇਆ ਜਾਂਦਾ ਹੈ ਅਤੇ ਇਹ ਭਾਰਤੀ ਕੁਦਰਤੀ ਵਿਰਾਸਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਮਾਨਸੂਨ ਦਾ ਮੌਸਮ ਇਸ ਦੇ ਜੀਵਨ-ਚੱਕਰ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਮੀਂਹ ਦੇ ਆਉਣ ਨਾਲ ਤਾਪਮਾਨ ਵਿੱਚ ਬਦਲਾਅ ਹੁੰਦਾ ਹੈ, ਹਵਾ ਵਿੱਚ ਨਮੀ ਵਧਦੀ ਹੈ, ਬਨਸਪਤੀ ਤੇਜ਼ੀ ਨਾਲ ਵਧਣ ਲੱਗਦੀ ਹੈ ਅਤੇ ਕਈ ਕਿਸਮਾਂ ਦੇ ਕੀੜੇ-ਮਕੌੜੇ ਅਤੇ ਹੋਰ ਭੋਜਨ ਸਰੋਤ ਵਧੇਰੇ ਉਪਲਬਧ ਹੋ ਜਾਂਦੇ ਹਨ।

ਇਹ ਸਾਰੀਆਂ ਸਥਿਤੀਆਂ ਮੋਰਾਂ ਲਈ ਅਨੁਕੂਲ ਵਾਤਾਵਰਣ ਪੈਦਾ ਕਰ ਸਕਦੀਆਂ ਹਨ। ਖਾਸ ਕਰਕੇ ਮਾਨਸੂਨ ਦੇ ਆਲੇ-ਦੁਆਲੇ ਦਾ ਸਮਾਂ ਮੋਰਾਂ ਦੇ ਪ੍ਰਜਨਨ ਵਿਹਾਰ ਨਾਲ ਜੁੜਿਆ ਹੁੰਦਾ ਹੈ। ਇਸ ਲਈ ਇਸ ਦੌਰਾਨ ਨਰ ਮੋਰ ਵਧੇਰੇ ਸਰਗਰਮ ਦਿਖਾਈ ਦੇ ਸਕਦੇ ਹਨ।

ਨਰ ਮੋਰ ਮਾਦਾ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਆਪਣੀ ਸ਼ਾਨਦਾਰ ਪੂਛ ਦੇ ਪੰਖ ਫੈਲਾਉਂਦਾ ਹੈ। ਉਹ ਪੰਖਾਂ ਨੂੰ ਖਾਸ ਢੰਗ ਨਾਲ ਹਿਲਾਉਂਦਾ ਹੈ ਅਤੇ ਵੱਖ-ਵੱਖ ਆਵਾਜ਼ਾਂ ਕੱਢਦਾ ਹੈ। ਮਨੁੱਖ ਇਸ ਨੂੰ ਸੁੰਦਰ ਨਾਚ ਵਜੋਂ ਦੇਖਦਾ ਹੈ, ਪਰ ਮੋਰ ਲਈ ਇਹ ਮੁੱਖ ਤੌਰ 'ਤੇ ਸੰਚਾਰ ਅਤੇ ਪ੍ਰਜਨਨ ਵਿਹਾਰ ਦਾ ਹਿੱਸਾ ਹੁੰਦਾ ਹੈ।

ਕੀ ਮੋਰ ਮੀਂਹ ਦੀ ਘੋਸ਼ਣਾ ਕਰਦਾ ਹੈ?

ਮੋਰ ਦੀ ਉੱਚੀ ਪੁਕਾਰ ਅਤੇ ਮੀਂਹ ਵਿਚਕਾਰ ਸੰਬੰਧ ਨੇ ਸਦੀਆਂ ਤੋਂ ਲੋਕਾਂ ਦੀ ਕਲਪਨਾ ਨੂੰ ਆਕਰਸ਼ਿਤ ਕੀਤਾ ਹੈ। ਜਦੋਂ ਲੋਕ ਵੇਖਦੇ ਹਨ ਕਿ ਬੱਦਲਾਂ ਦੇ ਆਉਣ ਜਾਂ ਮਾਨਸੂਨ ਦੇ ਦੌਰਾਨ ਮੋਰ ਵਧੇਰੇ ਬੋਲਦੇ ਹਨ, ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਮੋਰ ਆਉਣ ਵਾਲੇ ਮੀਂਹ ਦੀ ਸੂਚਨਾ ਦੇ ਰਹੇ ਹਨ।

ਪਰ ਇੱਥੇ ਸੰਬੰਧ ਅਤੇ ਭਵਿੱਖਬਾਣੀ ਵਿਚਕਾਰ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ।

ਜੇ ਕੋਈ ਪੰਛੀ ਕਿਸੇ ਖਾਸ ਮੌਸਮ ਵਿੱਚ ਵਧੇਰੇ ਸਰਗਰਮ ਹੋ ਜਾਂਦਾ ਹੈ ਅਤੇ ਉਸੇ ਮੌਸਮ ਵਿੱਚ ਮੀਂਹ ਵੀ ਜ਼ਿਆਦਾ ਪੈਂਦਾ ਹੈ, ਤਾਂ ਇਸ ਦਾ ਇਹ ਅਰਥ ਨਹੀਂ ਕਿ ਉਹ ਆਉਣ ਵਾਲੀ ਬਾਰਿਸ਼ ਨੂੰ ਘੰਟਿਆਂ ਜਾਂ ਦਿਨਾਂ ਪਹਿਲਾਂ ਸਹੀ ਤਰੀਕੇ ਨਾਲ ਪਛਾਣ ਸਕਦਾ ਹੈ। ਹੋ ਸਕਦਾ ਹੈ ਕਿ ਪੰਛੀ ਤਾਪਮਾਨ, ਨਮੀ, ਹਵਾ, ਰੌਸ਼ਨੀ ਜਾਂ ਵਾਤਾਵਰਣ ਵਿੱਚ ਹੋਣ ਵਾਲੀਆਂ ਹੋਰ ਤਬਦੀਲੀਆਂ ਨੂੰ ਮਹਿਸੂਸ ਕਰਕੇ ਆਪਣੇ ਵਿਹਾਰ ਵਿੱਚ ਬਦਲਾਅ ਕਰਦਾ ਹੋਵੇ।

ਇਸ ਲਈ ਮੋਰ ਦਾ ਵਿਹਾਰ ਮੀਂਹ ਦੀ ਸਿੱਧੀ ਭਵਿੱਖਬਾਣੀ ਕਰਨ ਨਾਲੋਂ ਮੌਸਮੀ ਅਤੇ ਵਾਤਾਵਰਣਕ ਸੰਕੇਤਾਂ ਪ੍ਰਤੀ ਕੁਦਰਤੀ ਪ੍ਰਤੀਕਿਰਿਆ ਵਧੇਰੇ ਹੋ ਸਕਦਾ ਹੈ।

ਪ੍ਰਜਨਨ ਮੌਸਮ ਦੀ ਮਹੱਤਵਪੂਰਨ ਭੂਮਿਕਾ

ਮੋਰ ਦੇ ਮੀਂਹ ਨਾਲ ਜੁੜੇ ਵਿਹਾਰ ਨੂੰ ਸਮਝਣ ਲਈ ਪ੍ਰਜਨਨ ਇੱਕ ਬਹੁਤ ਮਹੱਤਵਪੂਰਨ ਪੱਖ ਹੈ। ਕੁਦਰਤ ਵਿੱਚ ਬਹੁਤ ਸਾਰੇ ਪੰਛੀਆਂ ਅਤੇ ਜਾਨਵਰਾਂ ਦਾ ਪ੍ਰਜਨਨ ਸਾਲ ਦੇ ਕਿਸੇ ਖਾਸ ਮੌਸਮ ਨਾਲ ਜੁੜਿਆ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਬੱਚਿਆਂ ਦੇ ਜਨਮ ਅਤੇ ਉਨ੍ਹਾਂ ਦੀ ਪਰਵਰਿਸ਼ ਲਈ ਭੋਜਨ, ਪਾਣੀ ਅਤੇ ਅਨੁਕੂਲ ਵਾਤਾਵਰਣ ਦੀ ਲੋੜ ਹੁੰਦੀ ਹੈ।

ਮਾਨਸੂਨ ਇਨ੍ਹਾਂ ਵਿੱਚੋਂ ਕਈ ਸਥਿਤੀਆਂ ਨੂੰ ਬਿਹਤਰ ਬਣਾ ਸਕਦਾ ਹੈ। ਮੀਂਹ ਤੋਂ ਬਾਅਦ ਬਨਸਪਤੀ ਵਧਦੀ ਹੈ, ਛੋਟੇ ਜੀਵ ਅਤੇ ਕੀੜੇ-ਮਕੌੜੇ ਵਧੇਰੇ ਮਿਲ ਸਕਦੇ ਹਨ ਅਤੇ ਪਾਣੀ ਦੀ ਉਪਲਬਧਤਾ ਵੀ ਵਧ ਜਾਂਦੀ ਹੈ। ਅਜਿਹੇ ਵਾਤਾਵਰਣ ਵਿੱਚ ਆਪਣੇ ਬੱਚਿਆਂ ਲਈ ਭੋਜਨ ਲੱਭਣਾ ਅਤੇ ਉਨ੍ਹਾਂ ਦੀ ਪਰਵਰਿਸ਼ ਕਰਨਾ ਕੁਝ ਹੱਦ ਤੱਕ ਆਸਾਨ ਹੋ ਸਕਦਾ ਹੈ।

ਇਸੇ ਲਈ ਮਾਨਸੂਨ ਦੇ ਆਲੇ-ਦੁਆਲੇ ਨਰ ਮੋਰ ਵਧੇਰੇ ਸਰਗਰਮ ਹੋ ਕੇ ਮਾਦਾਵਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।

ਮੋਰ ਦਾ ਪੰਖ ਫੈਲਾਉਣਾ ਸਿਰਫ਼ ਸੁੰਦਰਤਾ ਨਹੀਂ

ਜਦੋਂ ਨਰ ਮੋਰ ਆਪਣੇ ਵਿਸ਼ਾਲ ਅਤੇ ਰੰਗ-ਬਿਰੰਗੇ ਪੰਖ ਫੈਲਾਉਂਦਾ ਹੈ, ਤਾਂ ਇਹ ਮਨੁੱਖਾਂ ਲਈ ਇੱਕ ਬੇਹੱਦ ਸੁੰਦਰ ਦ੍ਰਿਸ਼ ਹੁੰਦਾ ਹੈ। ਪਰ ਮੋਰ ਲਈ ਇਹ ਸਿਰਫ਼ ਸੁੰਦਰ ਦਿਖਾਈ ਦੇਣ ਦਾ ਮਾਮਲਾ ਨਹੀਂ ਹੈ।

ਪੰਖਾਂ ਨੂੰ ਫੈਲਾ ਕੇ ਪ੍ਰਦਰਸ਼ਨ ਕਰਨਾ ਪ੍ਰਣਯ ਵਿਹਾਰ ਦਾ ਹਿੱਸਾ ਹੈ। ਨਰ ਮੋਰ ਆਪਣੀਆਂ ਸਰੀਰਕ ਵਿਸ਼ੇਸ਼ਤਾਵਾਂ ਨੂੰ ਪ੍ਰਦਰਸ਼ਿਤ ਕਰਕੇ ਮਾਦਾ ਦਾ ਧਿਆਨ ਖਿੱਚਦਾ ਹੈ। ਪੰਖਾਂ ਉੱਤੇ ਬਣੇ ਅੱਖਾਂ ਵਰਗੇ ਨਿਸ਼ਾਨ, ਉਨ੍ਹਾਂ ਦਾ ਆਕਾਰ, ਰੰਗ ਅਤੇ ਪ੍ਰਦਰਸ਼ਨ ਦਾ ਢੰਗ ਇਸ ਵਿਹਾਰ ਦਾ ਹਿੱਸਾ ਹਨ।

ਇਸ ਤਰ੍ਹਾਂ ਜਿਸ ਨੂੰ ਅਸੀਂ ਸੁੰਦਰਤਾ, ਪ੍ਰੇਮ ਜਾਂ ਰੋਮਾਂਸ ਵਜੋਂ ਦੇਖਦੇ ਹਾਂ, ਉਹ ਅਸਲ ਵਿੱਚ ਲੱਖਾਂ ਸਾਲਾਂ ਦੇ ਵਿਕਾਸਕ੍ਰਮ ਨਾਲ ਬਣਿਆ ਇੱਕ ਜਟਿਲ ਕੁਦਰਤੀ ਵਿਹਾਰ ਹੈ।

ਮੋਰ ਦੀ ਪੁਕਾਰ ਕਿਉਂ ਵਧ ਜਾਂਦੀ ਹੈ?

ਮੋਰ ਵੱਖ-ਵੱਖ ਕਿਸਮਾਂ ਦੀਆਂ ਆਵਾਜ਼ਾਂ ਕੱਢਦਾ ਹੈ ਅਤੇ ਉਸ ਦੀ ਪੁਕਾਰ ਸੰਚਾਰ ਦਾ ਇੱਕ ਮਹੱਤਵਪੂਰਨ ਸਾਧਨ ਹੈ। ਪ੍ਰਜਨਨ ਮੌਸਮ ਵਿੱਚ ਨਰ ਮੋਰ ਦੀ ਸਰਗਰਮੀ ਵਧਣ ਨਾਲ ਉਸ ਦੀਆਂ ਪੁਕਾਰਾਂ ਵੀ ਵਧੇਰੇ ਸੁਣਾਈ ਦੇ ਸਕਦੀਆਂ ਹਨ।

ਮਾਨਸੂਨ ਦੌਰਾਨ ਵਾਤਾਵਰਣ ਦੀਆਂ ਧੁਨੀ-ਸਥਿਤੀਆਂ ਵਿੱਚ ਵੀ ਤਬਦੀਲੀ ਆਉਂਦੀ ਹੈ। ਨਮੀ, ਹਵਾ ਅਤੇ ਬਨਸਪਤੀ ਵਿੱਚ ਬਦਲਾਅ ਆਵਾਜ਼ ਦੇ ਫੈਲਾਅ ਨੂੰ ਪ੍ਰਭਾਵਿਤ ਕਰ ਸਕਦੇ ਹਨ। ਖੁੱਲ੍ਹੇ ਪੇਂਡੂ ਖੇਤਰਾਂ ਵਿੱਚ ਮੋਰ ਦੀ ਪੁਕਾਰ ਕਾਫ਼ੀ ਦੂਰ ਤੱਕ ਸੁਣਾਈ ਦੇ ਸਕਦੀ ਹੈ।

ਇਸ ਕਾਰਨ ਮੀਂਹ ਦੇ ਮੌਸਮ ਵਿੱਚ ਮੋਰ ਦੀ ਆਵਾਜ਼ ਲੋਕਾਂ ਨੂੰ ਵਧੇਰੇ ਵਾਰ ਅਤੇ ਵਧੇਰੇ ਸਪਸ਼ਟ ਸੁਣਾਈ ਦੇ ਸਕਦੀ ਹੈ।

ਕੀ ਮੋਰ ਮੀਂਹ ਤੋਂ ਪਹਿਲਾਂ ਨਮੀ ਮਹਿਸੂਸ ਕਰ ਸਕਦਾ ਹੈ?

ਅਕਸਰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਕੀ ਮੋਰ ਮੀਂਹ ਆਉਣ ਤੋਂ ਪਹਿਲਾਂ ਵਾਤਾਵਰਣ ਵਿੱਚ ਵਧ ਰਹੀ ਨਮੀ ਨੂੰ ਮਹਿਸੂਸ ਕਰ ਲੈਂਦਾ ਹੈ?

ਜਾਨਵਰਾਂ ਦੀਆਂ ਇੰਦਰੀਆਂ ਅਤੇ ਵਾਤਾਵਰਣ ਨੂੰ ਮਹਿਸੂਸ ਕਰਨ ਦੀ ਸਮਰੱਥਾ ਮਨੁੱਖਾਂ ਨਾਲੋਂ ਵੱਖਰੀ ਹੋ ਸਕਦੀ ਹੈ। ਕਈ ਜੀਵ ਤਾਪਮਾਨ, ਨਮੀ, ਹਵਾਈ ਦਬਾਅ, ਰੌਸ਼ਨੀ ਅਤੇ ਹੋਰ ਵਾਤਾਵਰਣਕ ਸੰਕੇਤਾਂ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਇਸ ਲਈ ਇਹ ਸੰਭਵ ਹੈ ਕਿ ਮੌਸਮ ਵਿੱਚ ਹੋਣ ਵਾਲੀਆਂ ਤਬਦੀਲੀਆਂ ਉਨ੍ਹਾਂ ਦੇ ਵਿਹਾਰ ਨੂੰ ਪ੍ਰਭਾਵਿਤ ਕਰਨ।

ਪਰ ਇਹ ਕਹਿਣਾ ਕਿ ਮੋਰ ਨਿਸ਼ਚਿਤ ਤੌਰ 'ਤੇ ਕਈ ਘੰਟੇ ਪਹਿਲਾਂ ਮੀਂਹ ਦੀ ਭਵਿੱਖਬਾਣੀ ਕਰ ਲੈਂਦਾ ਹੈ, ਵਿਗਿਆਨਕ ਤੌਰ 'ਤੇ ਸਹੀ ਨਹੀਂ ਹੋਵੇਗਾ। ਇਸ ਬਾਰੇ ਪੱਕੇ ਨਤੀਜੇ ਲਈ ਨਿਯੰਤਰਿਤ ਵਿਗਿਆਨਕ ਅਧਿਐਨਾਂ ਦੀ ਲੋੜ ਹੈ।

ਲੋਕ-ਵਿਸ਼ਵਾਸ ਅਤੇ ਵਿਗਿਆਨ ਦਾ ਸੁੰਦਰ ਮੇਲ

ਭਾਰਤੀ ਲੋਕ-ਪਰੰਪਰਾਵਾਂ ਵਿੱਚ ਕੁਦਰਤ ਦਾ ਬਹੁਤ ਡੂੰਘਾ ਸਥਾਨ ਰਿਹਾ ਹੈ। ਸਾਡੇ ਪੂਰਵਜ ਦਰੱਖਤਾਂ, ਪੰਛੀਆਂ, ਬੱਦਲਾਂ, ਹਵਾਵਾਂ ਅਤੇ ਰੁੱਤਾਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਨੂੰ ਬੜੀ ਬਾਰੀਕੀ ਨਾਲ ਦੇਖਦੇ ਸਨ। ਆਧੁਨਿਕ ਮੌਸਮ ਵਿਗਿਆਨ ਅਤੇ ਵਿਗਿਆਨਕ ਉਪਕਰਨਾਂ ਦੀ ਗੈਰ-ਮੌਜੂਦਗੀ ਵਿੱਚ ਵੀ ਉਹ ਕੁਦਰਤੀ ਸੰਕੇਤਾਂ ਦੇ ਆਧਾਰ 'ਤੇ ਮੌਸਮ ਵਿੱਚ ਹੋਣ ਵਾਲੇ ਬਦਲਾਅ ਦਾ ਅੰਦਾਜ਼ਾ ਲਗਾਉਂਦੇ ਸਨ।

ਮੋਰ ਅਤੇ ਮੀਂਹ ਦੀ ਕਹਾਣੀ ਵੀ ਕੁਦਰਤ ਦੇ ਅਜਿਹੇ ਨਿਰੀਖਣ ਦੀ ਇੱਕ ਸੁੰਦਰ ਉਦਾਹਰਨ ਹੋ ਸਕਦੀ ਹੈ।

ਲੋਕਾਂ ਨੇ ਦੇਖਿਆ ਕਿ ਮਾਨਸੂਨ ਦੇ ਨੇੜੇ ਮੋਰ ਵਧੇਰੇ ਸਰਗਰਮ ਹੁੰਦੇ ਹਨ, ਉਨ੍ਹਾਂ ਦੀਆਂ ਪੁਕਾਰਾਂ ਵਧੇਰੇ ਸੁਣਾਈ ਦਿੰਦੀਆਂ ਹਨ ਅਤੇ ਉਹ ਪੰਖ ਫੈਲਾ ਕੇ ਪ੍ਰਦਰਸ਼ਨ ਕਰਦੇ ਹਨ। ਸਮੇਂ ਦੇ ਨਾਲ ਇਹ ਨਿਰੀਖਣ ਇੱਕ ਸੱਭਿਆਚਾਰਕ ਵਿਸ਼ਵਾਸ ਵਿੱਚ ਬਦਲ ਗਿਆ ਕਿ ਮੋਰ ਮੀਂਹ ਬੁਲਾਉਂਦੇ ਹਨ ਜਾਂ ਮੀਂਹ ਆਉਣ ਦੀ ਸੂਚਨਾ ਦਿੰਦੇ ਹਨ।

ਵਿਗਿਆਨ ਅਜਿਹੇ ਵਿਸ਼ਵਾਸਾਂ ਨੂੰ ਸਿਰਫ਼ ਰੱਦ ਕਰਨ ਦੀ ਬਜਾਏ ਉਨ੍ਹਾਂ ਦੇ ਪਿੱਛੇ ਛੁਪੇ ਕੁਦਰਤੀ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।

ਸਿਰਫ਼ ਮੀਂਹ ਨਹੀਂ, ਪੂਰਾ ਵਾਤਾਵਰਣ ਮਹੱਤਵਪੂਰਨ ਹੈ

ਕਿਸੇ ਵੀ ਜੀਵ ਦੇ ਵਿਹਾਰ ਨੂੰ ਸਮਝਦੇ ਸਮੇਂ ਸਾਨੂੰ ਸਿਰਫ਼ ਇੱਕ ਵਾਤਾਵਰਣਕ ਕਾਰਕ 'ਤੇ ਧਿਆਨ ਨਹੀਂ ਦੇਣਾ ਚਾਹੀਦਾ। ਮੋਰ ਦੇ ਵਿਹਾਰ 'ਤੇ ਕਈ ਚੀਜ਼ਾਂ ਦਾ ਪ੍ਰਭਾਵ ਪੈ ਸਕਦਾ ਹੈ—ਮੌਸਮ, ਤਾਪਮਾਨ, ਨਮੀ, ਦਿਨ ਦੀ ਲੰਬਾਈ, ਭੋਜਨ ਦੀ ਉਪਲਬਧਤਾ, ਬਨਸਪਤੀ, ਪਾਣੀ ਅਤੇ ਪ੍ਰਜਨਨ ਨਾਲ ਜੁੜੀਆਂ ਜੈਵਿਕ ਤਬਦੀਲੀਆਂ।

ਇਨ੍ਹਾਂ ਸਾਰੇ ਕਾਰਕਾਂ ਦਾ ਮਿਲਿਆ-ਜੁਲਿਆ ਪ੍ਰਭਾਵ ਮੋਰ ਦੀ ਸਰਗਰਮੀ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਹੀ ਕਾਰਨ ਹੈ ਕਿ ਕੁਦਰਤ ਨੂੰ ਸਮਝਣਾ ਇੰਨਾ ਦਿਲਚਸਪ ਹੈ। ਇੱਕ ਸਧਾਰਨ ਜਿਹੀ ਘਟਨਾ—ਜਿਵੇਂ ਮੀਂਹ ਦੇ ਮੌਸਮ ਵਿੱਚ ਮੋਰ ਦਾ ਵਧੇਰੇ ਬੋਲਣਾ—ਦੇ ਪਿੱਛੇ ਜੀਵ ਵਿਗਿਆਨ, ਵਾਤਾਵਰਣ ਵਿਗਿਆਨ, ਵਿਹਾਰ ਵਿਗਿਆਨ ਅਤੇ ਵਿਕਾਸਵਾਦ ਦੀਆਂ ਕਈ ਪਰਤਾਂ ਛੁਪੀਆਂ ਹੋ ਸਕਦੀਆਂ ਹਨ।

ਜਲਵਾਯੂ ਪਰਿਵਰਤਨ ਅਤੇ ਬਦਲਦਾ ਵਿਹਾਰ

ਅੱਜ ਜਲਵਾਯੂ ਪਰਿਵਰਤਨ ਕਾਰਨ ਮੌਸਮ ਦੇ ਰਵਾਇਤੀ ਚੱਕਰਾਂ ਵਿੱਚ ਵੀ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਮਾਨਸੂਨ ਦਾ ਸਮਾਂ, ਮੀਂਹ ਦੀ ਮਾਤਰਾ ਅਤੇ ਤਾਪਮਾਨ ਵਿੱਚ ਬਦਲਾਅ ਕਈ ਜੀਵਾਂ ਦੇ ਜੀਵਨ-ਚੱਕਰ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਜੇ ਕਿਸੇ ਪੰਛੀ ਦਾ ਪ੍ਰਜਨਨ ਮੌਸਮ ਮੀਂਹ ਅਤੇ ਭੋਜਨ ਦੀ ਉਪਲਬਧਤਾ ਨਾਲ ਜੁੜਿਆ ਹੋਵੇ, ਤਾਂ ਮੌਸਮ ਵਿੱਚ ਵੱਡੀਆਂ ਤਬਦੀਲੀਆਂ ਉਸ ਦੇ ਵਿਹਾਰ ਅਤੇ ਪ੍ਰਜਨਨ ਦੇ ਸਮੇਂ 'ਤੇ ਵੀ ਪ੍ਰਭਾਵ ਪਾ ਸਕਦੀਆਂ ਹਨ।

ਇਸ ਲਈ ਮੋਰ ਵਰਗੇ ਪੰਛੀਆਂ ਦਾ ਅਧਿਐਨ ਸਿਰਫ਼ ਉਨ੍ਹਾਂ ਦੀ ਸੁੰਦਰਤਾ ਨੂੰ ਸਮਝਣ ਲਈ ਹੀ ਨਹੀਂ, ਸਗੋਂ ਬਦਲਦੇ ਵਾਤਾਵਰਣ ਅਤੇ ਜਲਵਾਯੂ ਦੇ ਪ੍ਰਭਾਵਾਂ ਨੂੰ ਸਮਝਣ ਲਈ ਵੀ ਮਹੱਤਵਪੂਰਨ ਹੈ।

ਕੁਦਰਤ ਨੂੰ ਵਿਗਿਆਨਕ ਨਜ਼ਰੀਏ ਨਾਲ ਦੇਖਣਾ


ਮੋਰ ਨੂੰ ਮੀਂਹ ਦਾ ਸੰਦੇਸ਼ਵਾਹਕ ਕਹਿਣਾ ਸਾਡੀ ਲੋਕ-ਸੱਭਿਆਚਾਰਕ ਕਲਪਨਾ ਦਾ ਹਿੱਸਾ ਹੋ ਸਕਦਾ ਹੈ, ਪਰ ਉਸ ਦੇ ਵਿਹਾਰ ਦੇ ਪਿੱਛੇ ਮੌਜੂਦ ਅਸਲ ਜੈਵਿਕ ਕਾਰਨਾਂ ਨੂੰ ਸਮਝਣਾ ਵਿਗਿਆਨ ਦਾ ਕੰਮ ਹੈ।

ਅਗਲੀ ਵਾਰ ਜਦੋਂ ਤੁਸੀਂ ਬੱਦਲਾਂ ਨਾਲ ਘਿਰੇ ਆਸਮਾਨ ਹੇਠ ਮੋਰ ਨੂੰ ਪੁਕਾਰਦੇ ਜਾਂ ਪੰਖ ਫੈਲਾਉਂਦੇ ਦੇਖੋ, ਤਾਂ ਇਸ ਨੂੰ ਸਿਰਫ਼ ਮੀਂਹ ਦੀ ਭਵਿੱਖਬਾਣੀ ਨਾ ਸਮਝੋ। ਇਹ ਉਸ ਦੇ ਪ੍ਰਜਨਨ ਵਿਹਾਰ, ਮੌਸਮੀ ਤਬਦੀਲੀਆਂ ਅਤੇ ਵਾਤਾਵਰਣ ਪ੍ਰਤੀ ਕੁਦਰਤੀ ਪ੍ਰਤੀਕਿਰਿਆ ਦਾ ਸੁੰਦਰ ਮਿਲਾਪ ਹੋ ਸਕਦਾ ਹੈ।

ਮੋਰ ਸ਼ਾਇਦ ਇਹ ਨਹੀਂ ਕਹਿ ਰਿਹਾ ਹੁੰਦਾ ਕਿ "ਮੀਂਹ ਆਉਣ ਵਾਲਾ ਹੈ।" ਹੋ ਸਕਦਾ ਹੈ ਕਿ ਉਹ ਕੁਦਰਤ ਦੇ ਬਦਲਦੇ ਸੰਕੇਤਾਂ ਦਾ ਜਵਾਬ ਦੇ ਰਿਹਾ ਹੋਵੇ ਅਤੇ ਨਾਲ ਹੀ ਆਪਣੇ ਜੀਵਨ ਦੇ ਇੱਕ ਮਹੱਤਵਪੂਰਨ ਕੁਦਰਤੀ ਕਾਰਜ ਸਾਥੀ ਨੂੰ ਆਕਰਸ਼ਿਤ ਕਰਨ ਅਤੇ ਪ੍ਰਜਨਨ ਵਿੱਚ ਰੁੱਝਿਆ ਹੋਵੇ।

ਮੀਂਹ ਅਤੇ ਮੋਰ ਦੀ ਪੁਕਾਰ ਦਾ ਸੰਬੰਧ ਭਾਰਤੀ ਸੱਭਿਆਚਾਰ ਵਿੱਚ ਸਦੀਆਂ ਪੁਰਾਣਾ ਹੈ। ਵਿਗਿਆਨਕ ਸਮਝ ਅਨੁਸਾਰ ਇਸ ਸੰਬੰਧ ਦੇ ਪਿੱਛੇ ਮਾਨਸੂਨ ਨਾਲ ਜੁੜੀਆਂ ਵਾਤਾਵਰਣਕ ਤਬਦੀਲੀਆਂ ਅਤੇ ਮੋਰ ਦਾ ਪ੍ਰਜਨਨ ਵਿਹਾਰ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਇਸ ਲਈ ਮੋਰ ਨੂੰ ਮੀਂਹ ਦਾ ਭਵਿੱਖਬਾਣੀ ਕਰਨ ਵਾਲਾ ਜੀਵ ਕਹਿਣਾ ਵਿਗਿਆਨਕ ਤੌਰ 'ਤੇ ਉਚਿਤ ਨਹੀਂ ਹੋਵੇਗਾ। ਪਰ ਉਸ ਨੂੰ ਮਾਨਸੂਨ ਦੇ ਮੌਸਮ ਨਾਲ ਜੁੜੇ ਇੱਕ ਸੁੰਦਰ ਕੁਦਰਤੀ ਸੰਕੇਤਕ ਵਜੋਂ ਦੇਖਣਾ ਸਾਨੂੰ ਕੁਦਰਤ ਨਾਲ ਆਪਣੇ ਰਿਸ਼ਤੇ ਨੂੰ ਸਮਝਣ ਦਾ ਇੱਕ ਨਵਾਂ ਨਜ਼ਰੀਆ ਜ਼ਰੂਰ ਦੇ ਸਕਦਾ ਹੈ। ਮੋਰ ਦੀ ਪੁਕਾਰ ਵਿੱਚ ਸਿਰਫ਼ ਮੀਂਹ ਦੀ ਆਹਟ ਨਹੀਂ, ਸਗੋਂ ਬਦਲਦੇ ਮੌਸਮ, ਜੀਵਨ ਦੀ ਨਿਰੰਤਰਤਾ ਅਤੇ ਪ੍ਰਜਨਨ ਦੀ ਕੁਦਰਤੀ ਲੈਅ ਦੀ ਇੱਕ ਡੂੰਘੀ ਕਹਾਣੀ ਵੀ ਛੁਪੀ ਹੋਈ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਮੀਂਹ, ਮੋਰ ਅਤੇ ਉਸ ਦਾ ਨਾਚ ਮਨੁੱਖੀ ਕਲਪਨਾ ਅਤੇ ਸੱਭਿਆਚਾਰ ਨੂੰ ਅੱਜ ਵੀ ਉਤਨਾ ਹੀ ਮੋਹ ਲੈਂਦੇ ਹਨ।










RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


GHUMAN LAW GROUP INC.
GHUMAN
LAW GROUP
ਭਰੋਸੇਯੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ ਤੁਹਾਡੀ ਸਹੀ ਮਦਦ ਕਰ ਸਕਦਾ ਹੈ।
MON - FRI | 9:00 AM-3:00 PM
+1 (228) 200-0001
www.ghumanlawgroup.org
2450 VENTURE OAKS WAY, STE 225 SACRAMENTO, CA
ਸਾਡੀਆਂ ਸੇਵਾਵਾਂ
01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।
CRIMINAL CASE
02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।
CRIMINAL RECORD EXPUNGED
03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।
VISA APPLICATION
PASSPORT United States of America
04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।
ਉੱਪਰ ਲਿਖੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ
ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ, ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।
MON - FRI | 9:00 AM 3:00 PM
+1 (228) 200-0001
www.ghumanlawgroup.org
2450 VENTURE OAKS WAY, STE 225 SACRAMENTO, CA


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਬਰਜਿੰਦਰ ਕੌਰ ਬਿਸਰਾਓ
99889-01324

# ਸਫ਼ਾਈ

ਨਰਮਲਾ ਘਰ ਦੇ ਕੰਮਾਂ ਵਿੱਚ ਪੂਰੀ ਵਿਅਸਤ ਸੀ। ਕੰਮ ਕਰਦੇ ਕਰਦੇ ਆਪਣੇ ਮਨ ਵਿੱਚ ਸੋਚ ਰਹੀ ਸੀ ਕਿ ਚਾਰ ਪੰਜ ਦਿਨਾਂ ਤੋਂ ਗ਼ਲੀ ਦੀਆਂ ਔਰਤਾਂ ਦੀ ਚੁਗਲਮੰਡਲੀ ਗ਼ਲੀ ਵਿੱਚ ਦਿਖਾਈ ਨਹੀਂ ਦੇ ਰਹੀ ਸੀ। ਫਿਰ ਅਚਾਨਕ ਦਿਮਾਗ ਵਿੱਚ ਖਿਆਲ ਆਇਆ ਕਿ ਸਾਰੀਆਂ ਔਰਤਾਂ ਦੀਵਾਲੀ ਕਰਕੇ ਆਪੋ ਆਪਣੇ ਘਰਾਂ ਦੀ ਸਫ਼ਾਈ ਵਿੱਚ ਰੁੱਝੀਆਂ ਹੋਈਆਂ ਸਨ। ਕਿਸੇ ਦੇ ਘਰ ਵਿੱਚ ਰੰਗ ਰੋਗਨ ਹੋ ਰਿਹਾ ਸੀ, ਕਿਸੇ ਦੇ ਘਰ ਪਰਦੇ ਧੋਤੇ ਨਜ਼ਰ ਆ ਰਹੇ ਸਨ, ਕਿਸੇ ਦੇ ਘਰ ਅੱਗੇ ਫਰਸ਼ ਧੋ ਧੋ ਕੇ ਪਾਣੀ ਦੀਆਂ ਛੱਪੜੀਆਂ ਲੱਗੀਆਂ ਦਿਖਾਈ ਦਿੰਦੀਆਂ ਸਨ। ਨਿਰਮਲਾ ਵੀ ਆਪਣੇ ਘਰ ਦੀ ਸਫ਼ਾਈ ਕਰਨ ਵਿੱਚ ਰੁੱਝ ਗਈ।

ਦੀਵਾਲੀ ਤੋਂ ਇੱਕ ਦਿਨ ਪਹਿਲਾਂ ਤੱਕ ਸਾਰੀਆਂ ਔਰਤਾਂ ਦੀ ਚੁਗਲਮੰਡਲੀ ਫ਼ੇਰ ਗ਼ਲੀ ਵਿੱਚ ਕੁਰਸੀਆਂ ਡਾਹ ਕੇ ਬੈਠੀ ਹੋਈ ਸੀ। ਨਿਰਮਲਾ ਘਰ ਦੀ ਸਫ਼ਾਈ ਕਰਦੇ ਕਰਦੇ ਥਕਾਵਟ ਮਹਿਸੂਸ ਕਰ ਰਹੀ ਸੀ। ਉਸ ਨੂੰ ਹੱਡ ਭੰਨਣੀ ਜਿਹੀ ਲੱਗੀ ਹੋਈ ਸੀ। ਉਸ ਨੇ ਸੋਚਿਆ ਕਿਉਂ ਨਾ ਮੁਹੱਲੇ ਵਾ਼ਲੀ ਡਿਸਪੈਂਸਰੀ ਤੋਂ ਦਵਾਈ ਹੀ ਲੈ ਆਵੇ। ਉਹ ਦਵਾਈ ਲੈਣ ਜਾਂਦੀ ਜਾਂਦੀ ਗ਼ਲੀ ਵਿੱਚ ਬੈਠੀਆਂ ਸਾਰੀਆਂ ਔਰਤਾਂ ਨੂੰ ਦੁਆ ਸਲਾਮ ਕਰਕੇ ਅੱਗੇ ਨਿਕਲਣ ਲੱਗੀ ਤਾਂ ਇੱਕ ਔਰਤ ਨੇ ਉਸ ਨੂੰ ਵੀ ਬੈਠਣ ਲਈ ਕਿਹਾ। ਉਸ ਨੇ 'ਡਿਸਪੈਂਸਰੀ ਕਿਤੇ ਬੰਦ ਹੀ ਨਾ ਹੋ ਜਾਵੇ' ਦਾ ਬਹਾਨਾ ਲਾਇਆ ਤੇ ਅੱਗੇ ਨਿਕਲ ਗਈ। ਹਜੇ ਦੋ ਚਾਰ ਕਦਮ ਹੀ ਅੱਗੇ ਗਈ ਸੀ ਕਿ ਇੱਕ ਔਰਤ ਬੋਲੀ," ਕਿੰਨੀ ਹੰਕਾਰੀ ਹੋਈ ਆ....ਭਲਾ ਜੇ ਬੈਠ ਜਾਂਦੀ ਤਾਂ ਅਸੀਂ ਇਹਦਾ ਕੀ ਲਾਹ ਲੈਣਾ ਸੀ?" ਦੂਜੀ ਬੋਲੀ,"ਬਹੁਤੀ ਪੜ੍ਹੀ ਲਿਖੀ ਬਣਦੀ ਆ ਆਪਣੇ ਆਪ ਨੂੰ....!" ਤੀਜੀ ਬੋਲੀ," ਪੜ੍ਹੀ ਲਿਖੀ ਹੋਊ ਤਾਂ ਆਪਣੇ ਘਰ ਹੋਊ...... ਅਸੀਂ ਕਿਸੇ ਨੇ ਇਹ ਤੋਂ ਕੀ ਲੈਣਾ...?" ਚੌਥੀ ਬੋਲੀ," ਐਹੋ ਜਿਹੀਆਂ ਬਥੇਰੀਆਂ ਦੇਖੀਆਂ ਬਹੁਤੀਆਂ ਪੜ੍ਹਾਕੂ......ਘਰ ਦਾ ਕੰਮ ਚਾਹੇ ਕੱਖ ਨਾ ਆਉਂਦਾ ਹੋਵੇ...!"

ਇਹ ਗੱਲਾਂ ਸੁਣਦੀ ਸੁਣਦੀ ਉਹ ਕਾਫ਼ੀ ਦੂਰ ਚਲੀ ਗਈ ਤੇ ਨਾ਼ਲ ਨਾ਼ਲ ਹੀ ਸਾਰੀਆਂ ਔਰਤਾਂ ਦੀ ਅਵਾਜ਼ ਮੱਧਮ ਹੁੰਦੀ ਹੁੰਦੀ ਉਸ ਦੇ ਕੰਨਾਂ ਵਿੱਚ ਪੈਣੀ ਬੰਦ ਹੋ ਗਈ ਸੀ। ਹੁਣ ਉਸ ਦਾ ਧਿਆਨ ਵਾਰ ਵਾਰ ਉਹਨਾਂ ਦੀਆਂ ਗੱਲਾਂ ਵੱਲ ਜਾ ਰਿਹਾ ਸੀ ਜੋ ਉਸ ਦੇ ਕੰਨਾਂ ਵਿੱਚ ਗੂੰਜ ਰਹੀਆਂ ਸਨ। ਉਹ ਸੋਚ ਰਹੀ ਸੀ, " ਚੰਗਾ ਹੋਇਆ ਮੈਂ ਉੱਥੋਂ ਲੰਘ ਕੇ ਆਈ ਹਾਂ.... ਚਲੋ ਵਿਚਾਰੀਆਂ ਨੂੰ ਕਮ ਸੇ ਕਮ ਅੱਧਾ ਘੰਟਾ ਚਰਚਾ ਲਈ ਕੋਈ ਵਿਸ਼ਾ ਤਾਂ ਮਿਲਿਆ.... ਮੈਨੂੰ ਤਾਂ ਚਾਹੇ ਉਸ ਦਾ ਕੋਈ ਫਾਇਦਾ ਨਾ ਹੋਵੇ ਪਰ ਉਹਨਾਂ ਲਈ ਤਾਂ ਲਾਹੇ ਦਾ ਹੋਇਆ।" ਸੋਚਦੀ ਸੋਚਦੀ ਦੇ ਉਸਦੇ ਚਿਹਰੇ ਤੇ ਆਪ ਮੁਹਾਰੇ ਹੀ ਹਲਕੀ ਜਿਹੀ ਮੁਸਕਰਾਹਟ ਆ ਜਾਂਦੀ ਹੈ। ਐਨੇ ਨੂੰ ਉਹ ਡਿਸਪੈਂਸਰੀ ਵੀ ਪਹੁੰਚ ਜਾਂਦੀ ਹੈ।

ਨਿਰਮਲਾ ਦਵਾਈ ਲੈ ਕੇ ਵਾਪਸ ਆ ਰਹੀ ਸੀ ਤਾਂ ਉਸ ਨੂੰ ਦੂਰੋਂ ਮੋੜ ਤੋਂ ਹੀ ਉਹੀ ਅੱਠ ਦਸ ਜਾਣੀਆਂ ਬੈਠੀਆਂ ਨਜ਼ਰੀਂ ਪਈਆਂ ਤੇ ਉਹੀ ਗੱਲਾਂ ਫਿਰ ਦਿਮਾਗ ਵਿੱਚ ਘੁੰਮਣ ਲੱਗੀਆਂ। ਜਦ ਕੋਲ ਆਈ ਤਾਂ ਉਹ ਵੀ ਹੱਸਦੀ ਹੱਸਦੀ ਉਹਨਾਂ ਕੋਲ ਬਹਿ ਗਈ ਜਿਵੇਂ ਉਸ ਨੇ ਉਹਨਾਂ ਦੀ ਕੋਈ ਗੱਲ ਸੁਣੀ ਹੀ ਨਾ ਹੋਵੇ। ਉਹ ਸਾਰੀਆਂ ਔਰਤਾਂ ਉਸ ਨਾਲੋਂ ਉਮਰ ਵਿੱਚ ਵੱਡੀਆਂ ਹੋਣ ਕਰਕੇ ਸਭ ਨੂੰ ਇੱਜ਼ਤ ਨਾ਼ਲ ਕੁਝ ਨਾ ਕੁਝ ਕਹਿ ਕੇ ਹੀ ਬੁਲਾਉਂਦੀ ਸੀ। ਉਸ ਨੇ ਪਹਿਲੀ ਔਰਤ ਨੂੰ ਪੁੱਛਿਆ,"ਦੀਦੀ .... ਦੀਵਾਲੀ ਦੀ ਸਫ਼ਾਈ ਹੋ ਗਈ?" ਸਾਰੀਆਂ ਔਰਤਾਂ ਹੀ ਵਾਰੀ ਵਾਰੀ ਬੋਲਣ ਲੱਗੀਆਂ," ਸਫ਼ਾਈ ਤਾਂ ਅਸੀਂ ਸੁੱਖ ਨਾਲ ਹਫ਼ਤਾ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਸੀ।"..... ਦੂਜੀ ਬੋਲੀ," ਸਾਡੇ ਤਾਂ ਪੰਦਰਾਂ ਦਿਨ ਹੋ ਗਏ ਨੇ ਰੰਗ ਰੋਗਨ ਹੁੰਦੇ ਨੂੰ....!" ਇੱਕ ਹੋਰ ਬੋਲੀ, "...... ਮੈਂ ਤਾਂ ਪੰਦਰਾਂ ਦਿਨ ਪਹਿਲਾਂ ਹੀ ਪਰਦੇ ਧੋ ਦਿੱਤੇ ਸੀ....!" ਇਸ ਤਰ੍ਹਾਂ ਸਾਰੀਆਂ ਆਪਣੇ ਆਪਣੇ ਘਰਾਂ ਦੀ ਸਫ਼ਾਈ ਬਾਰੇ ਗੱਲਾਂ ਕਰਦੀਆਂ ਕਰਦੀਆਂ ਆਪਣੀ ਵਡਿਆਈ ਕਰ ਰਹੀਆਂ ਸਨ। "ਤੂੰ ਕਰ ਲਈ ਸਫ਼ਾਈ.....ਕਦੇ ਬਹੁਤਾ ਖੜਕਾ ਦੜਕਾ ਸੁਣਿਆ ਨੀ ਸਫ਼ਾਈ ਹੁੰਦੀ ਦਾ.....!" ਇੱਕ ਔਰਤ ਉਸ ਨੂੰ ਨਿਹੋਰੇ ਨਾਲ ਪੁੱਛਣ ਲੱਗੀ। ਨਿਰਮਲਾ ਆਖਣ ਲੱਗੀ,"ਹਾਂ ਜੀ ! ਦੇਖੋ ਆਪਾਂ ਸਾਰੇ ਕਿੰਨੇ ਹਿੰਮਤੀ ਆਂ..... ਮੈਂ ਤਾਂ ਆਪ ਪਹਿਲੇ ਨਰਾਤੇ ਤੋਂ ਹੀ ਸਫ਼ਾਈ ਸ਼ੁਰੂ ਕਰ ਦਿੱਤੀ ਸੀ......!" "ਐਨਾ ਚਿਰ ਪਹਿਲਾਂ.....ਓਹਦਾ ਕੀ ਫਾਇਦਾ .... ਦੀਵਾਲੀ ਤੱਕ ਤਾਂ ਫਿਰ ਗੰਦ ਪੈ ਜਾਣਾ ਸੀ...!" ਇੱਕ ਸਿਆਣੀ ਔਰਤ ਬੋਲੀ। ਨਿਰਮਲਾ ਹੱਸ ਕੇ ਕਟਾਖਸ਼ ਕਰਦੇ ਹੋਏ ਆਖਣ ਲੱਗੀ,"ਮੈਂ ਤਾਂ ਜੀ ਮਨ ਦੀ ਸਫ਼ਾਈ ਦੀ ਗੱਲ ਕਰਦੀ ਆਂ.....ਦੇਖੋ ਜੀ ! ਆਹ ਝਾੜੂ ਵਾ਼ਲੀ ਸਫ਼ਾਈ ਤਾਂ ਹੀ ਸੋਹਣੀ ਲੱਗਦੀ ਆ ਜੇ ਸਾਫ਼ ਘਰਾਂ ਵਿੱਚ ਸਾਫ਼ ਦਿਲਾਂ ਵਾਲੇ ਲੋਕ ਰਹਿੰਦੇ ਹੋਣ......ਆਹ ! ਜਿਹੜੇ ਝੂਠ, ਨਿੰਦਿਆ, ਚੁਗਲੀਆਂ ਵੀ ਤਾਂ ਨਿਰਾ ਕੂੜ ਹੀ ਏ,ਬਸ ਹੁਣ ਜਦੋਂ ਦੀਵਾਲੀ ਦੇ ਦੀਵੇ ਜਗਾ ਕੇ ਜਿਵੇਂ ਰਾਤ ਨੂੰ ਰੋਸ਼ਨੀ ਬਾਹਰ ਕਰਨੀ ਐਂ , ਓਦਾਂ ਹੀ ਆਪਾਂ ਨੇ ਗੁਰਦੁਆਰੇ ਤੇ ਮੰਦਰ ਮੱਥਾ ਟੇਕ ਕੇ ਆਪਣੇ ਮਨ ਵਿੱਚ ਪਰਮਾਤਮਾ ਦੇ ਨਾਂ ਦਾ ਦੀਵਾ ਵੀ ਜਗਦਾ ਰੱਖਣ ਦੀ ਅਰਦਾਸ ਕਰ ਆਉਣੀ ਐਂ.........।....ਲੈ .... ਮੈਂ ਵੀ ਗੱਲਾਂ ਵਿੱਚ ਮਸਤ ਹੋ ਗਈ....ਚੰਗਾ ਜੀ ਸਾਰਿਆਂ ਨੂੰ ਸਤਿ ਸ੍ਰੀ ਆਕਾਲ।" ਕਹਿਕੇ ਨਿਰਮਲਾ ਹੱਥ ਜੋੜ ਕੇ ਉੱਥੋਂ ਚਲੀ ਗਈ। ਸਾਰੀਆਂ ਔਰਤਾਂ ਸ਼ਰਮਿੰਦਾ ਹੋਈਆਂ ਇੱਕ ਦੂਜੇ ਦੇ ਮੂੰਹ ਵੱਲ ਦੇਖ ਰਹੀਆਂ ਸਨ। ਇੱਕ ਸਿਆਣੀ ਔਰਤ, ਜਿਸ ਦੇ ਘਰ ਅੱਗੇ ਰੋਜ਼ ਚੁਗਲਮੰਡਲੀ ਲੱਗਦੀ ਸੀ,ਉਹ ਆਖਣ ਲੱਗੀ," ਗੱਲ ਤਾਂ ਠੀਕ ਦੱਸ ਕੇ ਗਈ ਆ ਕੁੜੀ....... ਚੱਲੋ! ਕੁੜੀਓ ਆਪਣੇ ਆਪਣੇ ਘਰਾਂ ਨੂੰ....... ਕੱਲ੍ਹ ਤੋਂ ਇੱਥੇ ਕੋਈ ਮਹਿਫ਼ਲ ਨਹੀਂ ਸਜੇਗੀ ਜਿਸ ਵਿੱਚ ਸਾਰੇ ਲੋਕਾਂ ਦੀਆਂ ਚੁਗਲੀਆਂ ਹੁੰਦੀਆਂ ਹੋਣ। ਮੈਂ ਵੀ ਆਪਣੇ ਬੂਹੇ ਅੱਗਿਓਂ ਦੀਵਾ਼ਲੀ ਦੀ ਸਫ਼ਾਈ ਕਰਨੀ ਹੈ।"



# JK TYRE INC

JKTYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਅਧਿਆਪਕ ਸੂਰਜ ਦਾ ਸਿਰਨਾਵਾਂ

ਅਧਿਆਪਕ ਸੂਰਜ ਦਾ ਸਿਰਨਾਵਾਂ।
ਅਧਿਆਪਕ ਮੰਜ਼ਿਲ ਦੀਆਂ ਰਾਵ੍ਹਾਂ।
ਅਧਿਆਪਕ ਮਾਤਾ ਪਿਤਾ ਤੇ ਦੋਸਤ।
ਅਧਿਆਪਕ ਸਿਰ ’ਤੇ ਹੱਥ ਦੀ ਉਲਫਤ।
ਅਧਿਆਪਕ ਪੁਲ ਮਾਝੀ ਤੇ ਰਹਿਬਰ।
ਅਧਿਆਪਕ ਉਡਦੇ ਬੋਟਾ ਦੇ ਪਰ।
ਅਧਿਆਪਕ ਸੁੱਖ ਅਸੀਸਾਂ ਦੀ ਦਾਤ।
ਅਧਿਆਪਕ ਨੇਰ੍ਹੇ ਵਿਚ ਪ੍ਰਭਾਤ।
ਅਧਿਆਪਕ ਤੀਜੀ ਅੱਖ ਦੀ ਲੋਰੀ।
ਅਧਿਆਪਕ ਉਡਦੀ ਗੁੱਡੀ ਦੀ ਡੋਰੀ।
ਅਧਿਆਪਕ ਮੰਦਿਰ ਵਰਗੀ ਪੂਜਾ।
ਅਧਿਆਪਕ ਅੰਬਰ ਵਾਂਗੂ ਗੂੜ੍ਹਾ।
ਅਧਿਆਪਕ ਗੂੰਗੇ ਦੀ ਸ਼ਬਦਾਵਲੀ।
ਅਧਿਆਪਕ ਸ਼ਬਦਾਂ ਦੀ ਅਰਥਾਵਲੀ।
ਅਧਿਆਪਕ ਸੰਘਣੇ ਰੁੱਖ ਦੀ ਛਾਂ ਜਿਹਾ।
ਅਧਿਆਪਕ ਸੁਲਝੀ ਹੋਈ ਮਾਂ ਜਿਹਾ।
ਅਧਿਆਪਕ ਪਰਬਤ ਵਾਲੀ ਪੌੜੀ।
ਅਧਿਆਪਕ ਆਸ਼ਾ ਲੰਬੀ ਚੌੜੀ।
ਅਧਿਆਪਕ ਵਿਦਿਆ ਵਾਲਾ ਪਾਰਸ।
ਅਧਿਆਪਕ ਵਿਰਸੇ ਦਾ ਵੀ ਵਾਰਸ।
ਅਧਿਆਪਕ ਪਿਆਸੇ ਲਈ ਜਿਉਂ ਪਾਣੀ।
ਅਧਿਆਪਕ ਜੀਵਨ ਦੀ ਜ਼ਿੰਦਗਾਨੀ।
ਅਧਿਆਪਕ ਲੱਖਾਂ ਹੱਥਾਂ ਦਾ ਹੱਥ।
ਅਧਿਆਪਕ ਅੱਖਰ ਜਨਨੀ ਸਮਰੱਥ।
ਅਧਿਆਪਕ ਸੰਕਲਪ ਸ਼ਕਤੀ ਗੁਰੂ।
ਅਧਿਆਪਕ ਉਨਤੀ ਭਗਤੀ ਆਬਰੂ।
ਅਧਿਆਪਕ ‘ਬਾਲਮ’ ਗਮ ਵਿਚ ਹਾਸਾ।
ਅਧਿਆਪਕ ਜੰਨਤ ਵਰਗਾ ਵਾਸਾ।



ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

# ਮਾਸਟਰ ਹੰਸ ਰਾਜ ਸਿੰਘ ਨੇ ਮਿਲਟਰੀ ਅਤੇ ਸਿੱਖਿਆ ਵਿਭਾਗ ਵਿੱਚ ਸੇਵਾਵਾਂ ਨਿਭਾਈਆਂ



ਦ੍ਰਿੜ ਇਰਾਦੇ ਵਾਲੇ ਹੰਸ ਰਾਜ ਸਿੰਘ ਨੇ 2 ਅਗਸਤ 1988 ਨੂੰ ਪਹਿਲਾਂ ਦੇਸ਼ ਦੀ ਰੱਖਿਆ ਲਈ ਬਤੌਰ ਸਿਪਾਹੀ ਮਿਲਟਰੀ ਵਿੱਚ ਭਰਤੀ ਹੋ ਕੇ ਸੇਵਾਵਾਂ ਨਿਭਾਈਆਂ । ਉਨ੍ਹਾਂ ਨੇ ਤਕਰੀਬਨ 17 ਸਾਲ ਮਿਲਟਰੀ ਵਿੱਚ ਸੇਵਾ ਨਿਭਾ ਕੇ ਬਤੌਰ ਨਾਇਕ ਸੇਵਾ ਮੁਕਤੀ ਲਈ ।ਉਨ੍ਹਾਂ ਨੇ ਮਿਲਟਰੀ ਵਿੱਚ ਯੂਨਿਟ ਐਜੂਕੇਸ਼ਨ ਇੰਸਟਰੱਕਟਰ ਦੀ ਟ੍ਰੇਨਿੰਗ ਲੈ ਲਈ ਜਿਸ ਸਦਕਾ ਉਹ ਅਧਿਆਪਕ ਲੱਗਣ ਦੇ ਯੋਗ ਬਣ ਗਏ । ਘਰੇ ਆਉਣ ਤੋਂ ਬਾਅਦ ਉਨ੍ਹਾਂ ਦੀ ਸਿੱਖਿਆ ਵਿਭਾਗ ਵਿੱਚ ਬਤੌਰ ਈ.ਟੀ.ਟੀ. ਅਧਿਆਪਕ 2009 ਨਿਯੁਕਤੀ ਹੋਣ ਤੇ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਸਹਿਣਾ ਭਦੌੜ (ਬਰਨਾਲਾ) ਵਿਖੇ 20 ਜਨਵਰੀ ਨੂੰ ਹਾਜ਼ਰ ਹੋ ਕੇ ਸੇਵਾ ਆਰੰਭ ਕੀਤੀ । ਉਨ੍ਹਾਂ ਨੇ ਫਤਿਹਗੜ੍ਹ ਜਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਭੂਆ ਖੇੜੀ ਅਤੇ ਅਰਾਈ ਮਾਜਰਾ ਵਿਖੇ ਡਿਊਟੀ ਨਿਭਾਉਣ ਤੋਂ ਬਾਅਦ 2013 ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਵਿਖੇ ਬਦਲੀ ਹੋ ਗਈ । ਉਨ੍ਹਾਂ ਨੇ ਇਥੇ ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ ਖੇਡਾਂ ਅਤੇ ਹੋਰ ਵਿਦਿਅਕ ਆਦਿ ਮੁਕਾਬਲਿਆਂ ਵਿੱਚ ਬੱਚਿਆਂ ਦੀ ਸਮੂਲੀਅਤ ਕਰਾਕੇ ਉਨ੍ਹਾ ਦੀ ਪ੍ਰਤਿਭਾ ਨੂੰ ਨਿਖਾਰਨ ਦਾ ਹਰ ਸੰਭਵ ਯਤਨ ਕੀਤਾ ।ਇਥੇ ਤਕਰੀਬਨ 13 ਸਾਲ ਦੀ ਇਮਾਨਦਾਰੀ ਨਾਲ ਸੇਵਾ ਨਿਭਾਉਣ ਉਪਰੰਤ 31 ਅਗਸਤ 2026 ਨੂੰ ਸੇਵਾ ਮੁਕਤ ਹੋ ਰਹੇ ਹਨ । ਉਨ੍ਹਾਂ ਦਾ ਜਨਮ ਪਿੰਡ ਮੋਹਲਗਵਾਰਾ ਜਿਲ੍ਹਾ ਪਟਿਆਲਾ ਵਿਖੇ 15 ਅਗਸਤ 1968 ਨੂੰ ਮਾਤਾ ਸਵ: ਸ਼੍ਰੀਮਤੀ ਗੁਰਦੇਵ ਕੌਰ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸਵ: ਸ਼੍ਰੀ ਭਜਨ ਸਿੰਘ ਇੱਕ ਕਿਰਤੀ ਇਨਸਾਨ ਸਨ।ਹੰਸ ਰਾਜ ਸਿੰਘ ਨੇ ਆਪਣੀ ਪੰਜਵੀਂ ਤੱਕ ਦੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ।ਉਨ੍ਹਾਂ ਨੇ ਛੇਵੀਂ ਤੋਂ ਦਸਵੀਂ ਤੱਕ ਦੀ ਪੜ੍ਹਾਈ ਸ.ਹ.ਸ. ਦੰਦਰਾਲਾ ਢੀਂਡਸਾ (ਪਟਿਆਲਾ) ਤੋਂ ਪ੍ਰਾਪਤ ਕਰ ਲਈ ਸੀ।ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਉਸ ਦੇ ਪਿਤਾ ਦੀ ਸਾਕਾਰਾਤਮਕ ਸੋਚ ਨੇ ਬੱਚਿਆਂ ਨੂੰ ਸਰਕਾਰੀ ਨੋਕਰੀ ਲਈ ਯੋਗ ਬਣਾਉਣ ਦਾ ਨਿਸਚਾ ਕਰ ਰੱਖਿਆ ਸੀ ।ਹੰਸ ਰਾਜ ਸਿੰਘ ਨੇ ਵੀ ਸਰਕਾਰੀ ਮੁਲਾਜ਼ਮ ਬਣਨ ਲਈ ਸਰਕਾਰੀ ਆਈ.ਟੀ.ਆਈ. ਨਾਭਾ ਤੋਂ ਲਾਈਨਮੈਨ ਦਾ ਦੋ ਸਾਲਾ ਕੋਰਸ ਕਰ ਲਿਆ । ਇਸ ਉਪਰੰਤ ਮਿਲਟਰੀ ਵਿੱਚ ਬਤੌਰ ਸਿਪਾਹੀ ਭਰਤੀ ਹੋ ਕੇ ਦੇਸ਼ ਦੀ ਰਾਖੀ ਕਰਨ ਲਈ ਸਖਤ ਡਿਊਟੀ ਨਿਭਾਉਣ ਲਈ ਬੁਲੰਦ ਹੌਸ਼ਲੇ ਨਾਲ ਟ੍ਰੇਨਿੰਗ ਤੇ ਚਲੇ ਗਏ।ਉਨ੍ਹਾਂ ਦਾ ਵਿਆਹ ਪਿੰਡ ਕੱਦੋਂ (ਲੁਧਿਆਣਾ) ਵਿਖੇ ਸਰਬਜੀਤ ਕੌਰ ਨਾਲ ਹੋ ਗਿਆ।ਉਹ ਅਨੁਸ਼ਾਸ਼ਨ ਵਿੱਚ ਰਹਿਣ ਵਾਲੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।ਉਸ ਦੇ ਵੱਡੇ ਭਰਾ ਸ੍ਰ. ਸੁਰਜੀਤ ਸਿੰਘ ਬਤੌਰ ਖੇਤੀਬਾੜੀ ਮਾਸਟਰ ਰਿਟਾਇਰ, ਵੈਦ ਰਾਮ ਚੰਦ (ਰਿਟਾ:) , ਮਾਸਟਰ ਦਰਸ਼ਨ ਸਿੰਘ (ਰਿਟਾ:), ਸ੍ਰ. ਬਹਾਦਰ ਸਿੰਘ (ਐਕਸੀਅਨ ਬਿਜਲੀ ਬੋਰਡ ਰਿਟਾ:) ਅਤੇ ਸਵ: ਰਾਮ ਸਿੰਘ (ਰਿਟਾ: ਜੇ.ਈ. ) ਨੇ ਆਪਣੇ ਆਪਣੇ ਮਹਿਕਮੇ ‘ਚ ਵਧੀਆ ਸੇਵਾਵਾਂ ਨਿਭਾ ਕੇ ਪਰਿਵਾਰ ਦਾ ਨਾਂ ਉੱਚਾ ਕੀਤਾ ਹੈ।ਉਸ ਦਾ ਬੇਟਾ ਅਕਾਸ਼ਦੀਪ ਸਿੰਘ (ਐਮ.ਏ.ਅੰਗਰੇਜ਼ੀ)  ਫਰਨੀਚਰ ਦਾ ਆਪਣਾ ਬਿਜਨਿਸ ਕਰਦਾ ਹੈ ।ਬੇਟੀ ਕਿਰਨਦੀਪ ਕੌਰ ਸੰਗਰੂਰ ਵਿਖੇ ਬਿਕਰਮ ਸਿੰਘ (ਆਸਟ੍ਰੇਲੀਆ) ਨਾਲ ਵਿਆਹੀ ਹੋਈ ਹੈ ।ਸ੍ਰ. ਹੰਸ ਰਾਜ ਸਿੰਘ ਲਛਮਣ ਨਗਰ ਨਾਭਾ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ । ਪ੍ਰਮਾਤਮਤਾ ਉਨ੍ਹਾਂ ਨੂੰ ਚੜ੍ਹਦੀਕਲਾ ਅਤੇ ਸਹਿਤਯਾਬੀ ਬਖਸ਼ੇ ।



ਮੇਜਰ ਸਿੰਘ ਨਾਭਾ
946355962

LARRY T. NIERMEYER
Attorney at Law

OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation


PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

SANJHI SOCH TV & DAILY NEWSPAPER

TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260